# ਸਭ ਤੋਂ ਵੱਡੀ ਤਬਾਹੀ: ਡਿੱਗਣਾ

True Path to God

5

ਲੇਖਕ ਡਾੱ. ਕੁਲਦੀਪ ਸਿੰਘ ਗੈਂਗਰ

# ਸਭ ਤੋਂ ਵੱਡੀ ਤਬਾਹੀ: ਭਿੱਗਾਣਾ

ਲੇਖਕ

ਡਾਂ. ਕੁਲਦੀਪ ਸਿੰਘ ਗੈਂਗਰ

**Punjabi**

*The Greatest Catastrophe: The Fall*

Copyright © 2013

Published by True Path to God | www.truepathtogod.org

***True Path to God*** is a ministry reaching out to our neighbours of East Asian background. For more information, see “About Us” on our website.

All Scripture quotations taken from The Holy Bible—Punjabi – CL published by The Bible Society of India,, 206 Mahatma Gandhi Road, Bangalore – 560 001 – India.

This booklet, as with all in this series, was written in English and translated into Punjabi by a team of translators. It is also being made available in Hindi, Marathi, Nepali and Urdu.

**Library and Archives Canada Cataloguing in Publications**
Gangar, Dr. Kuldip Singh 1950-
Includes bibliographical references
ISBN 978-1-9277690-5-8
1. Bible—O.T.—Genesis 3. 2. Bible—Doctrine—Fall. I. Title.

# ਵਿਸ਼ਾ ਵਸਤੂ


ਜਾਣ-ਪਹਿਚਾਣ | 07

1 ਸਾਨੂੰ ਉਤਪਤ ਤਿੰਨ ਅਧਿਆਏ ਨੂੰ ਕਿਵੇਂ ਪੜਨਾ ਚਾਹੀਦਾ ਹੈ ? | 09

2 ਪਾਪ ਦੀ ਮਨੁੱਖਾਂ ਦੇ ਦਰਮਿਆਨ ਸ਼ੁਰੂਆਤ | 13

3 ਪਰਮੇਸ਼ਰ ਦੇ ਦੁਆਰਾ ਆਦਮ ਅਤੇ ਹਵਾ ਦੇ ਪਾਪ ਵਿੱਚ ਡਿੱਗਣ ਤੋਂ ਬਾਅਦ ਉਨ੍ਹਾਂ ਦੀ ਪੁੱਛਗਿੱਛ | 25

4 ਪਰਮੇਸ਼ਰ ਦਾ ਪਾਪ ਦਾ ਨਿਆਂ | 29

5 ਡਿੱਗਣ ਦੇ ਸਿੱਟ | 33

6 ਪਰਮੇਸ਼ਰ ਦਾ ਅਨੋਖਾ ਵਰਦਾਨ ਅਤੇ ਮਨੁੱਖ ਦਾ ਉਹ ਦੇ ਲਈ ਜਬਾਬ | 37

# ਜਾਣ-ਪਰਿਚਾਣ:

ਜੇਕਰ ਅਸੀਂ ਮਨੁੱਖ ਦਾ ਅਧਿਐਨ ਕਰਨਾ ਹੋਵੇ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਉਸਦੇ ਚਰਿੱਤਰ ਵਿੱਚ ਇੱਕ ਵੱਡੀ ਗਲਤੀ ਹੈ। ਜਿਵੇਂ ਥੋਮਸ ਬੋਸਟਨ ਨੇ ਇੱਕ ਵਾਰ ਲਿਖਿਆ, ਇੱਥੇ ਇੱਕ ਬਹੁਤ ਹੀ ਵੱਡੀ ਇਮਾਰਤ ਸੀ ਮਨੁੱਖ ਨੇ ਉਸ ਨੂੰ ਇੱਕ ਮਹਿਲ ਦੀ ਤਰਾਂ ਬਣਾਇਆ ਸੀ, ਪਰ ਹੁਣ ਉਹ ਸੁਆਹ ਵਿੱਚ ਬੈਠਾ ਹੋਇਆ ਹੈ: ਆਉ ਅਸੀਂ ਖੜੇ ਹੋ ਕੇ ਇਸ ਬਰਬਾਦੀ ਨੂੰ ਵੇਖੀਏ ਅਤੇ ਇੱਕ ਅੱਥਰੂ ਵਹਾਈਏ"[1] ਅਸੀਂ ਜਦ ਇਸ ਸੰਸਾਰ ਨੂੰ ਵੇਖਦੇ ਹਾਂ ਤਾਂ ਸਾਨੂੰ ਦੁਸ਼ਟਤਾ ਹਰ ਥਾਂ ਤੇ ਨਜ਼ਰ ਆਉਂਦੀ ਹੈ। ਪੌਲੁਸ ਦੀ ਇਹ ਗੱਲ ਅਸਲੀਅਤ ਤੋਂ ਪੈਦਾ ਹੋਈ ਹੈ, "ਕੋਈ ਵੀ ਧਰਮੀ ਨਹੀ, ਇੱਕ ਵੀ ਨਹੀ" (ਰੋਮ 3:10) ਮਨੁੱਖ ਕਈ ਵਾਰ ਇੱਕ ਦੇਵਤੇ ਦੀ ਤਰ੍ਹਾਂ ਕੰਮ ਕਰਦਾ ਹੈ, ਅਤੇ ਅਕਸਰ ਹੀ ਉਹ ਇੱਕ ਜਾਨਵਰ ਦੀ ਤਰ੍ਹਾਂ ਕੰਮ ਕਰਦਾ ਹੈ, ਬਲਾਤਕਾਰ ਅਤੇ ਹੋਰ ਜੁਲਮ ਬਿਨਾਂ ਕਿਸੇ ਸੋਚ ਦੇ ਕਰਦਾ ਹੈ। ਪ੍ਰਸ਼ਨ ਜਿਸ ਦਾ ਉੱਤਰ ਅਸੀਂ ਇੱਥੇ ਦੇਣਾ ਚਾਹੁੰਦੇ ਹਾਂ ਉਹ ਹੈ ਪਾਪ ਦਾ ਪੂਰੇ ਸੰਸਾਰ ਦੇ ਵਿੱਚ ਫੈਲ ਜਾਣਾ। ਕੀ ਹੋਇਆ ਸੀ ਜਿਸਦੀ ਵਜ੍ਹਾ ਦੇ ਨਾਲ ਮਨੁੱਖ ਇਸ ਤ੍ਰਾਸਦੀ ਵਾਲੀ ਹਾਲਤ ਦੇ ਵਿੱਚ ਪਹੁੰਚ ਗਿਆ। ਪਿਛਲੀ ਵਾਰ ਅਸੀਂ ਵੇਖਿਆ ਸੀ ਕਿ ਮਨੁੱਖ ਨੂੰ ਪਰਮੇਸ਼ਰ ਨੇ ਬਿਲਕੁਲ ਸਿੱਧ ਰਚਿਆ ਸੀ, ਪਰ ਉਸ ਨੂੰ ਇੱਕ ਮੋਕਾ ਦਿੱਤਾ ਗਿਆ ਸੀ ਕਿ ਉਹ ਇਸ ਤੋਂ ਵੀ ਵੱਧ ਉੱਚੇ ਸਤਰ ਤੱਕ ਪਹੁੰਚ ਸਕੇ ਅਤੇ ਉਹ ਸੀ ਧਾਰਮਿਕਤਾ ਦੀ ਸਮਾਨਤਾ ਵਿੱਚ ਹੋ ਜਾਣਾ, ਜਿਸ ਦੇ ਵਿੱਚ ਉਹ ਪਾਪ ਕਰ ਹੀ ਨਹੀ ਸਕੇਗਾ। ਜੋ ਕੰਮ ਦੀ ਵਾਚਾ ਪਰਮੇਸ਼ਰ ਨੇ ਆਦਮ ਦੇ ਨਾਲ ਬਣਾਈ ਸੀ ਉਹ ਸਾਡੀ ਪਰਮੇਸ਼ਰ ਦੇ ਨਾਲ ਸਦਾ ਦੀ ਧੰਨ ਸੰਗਤੀ ਦਾ ਯਕੀਨ ਬਣਾ ਸਕਦੀ ਸੀ। ਸਿਰਫ ਜੇਕਰ ਆਦਮ ਨੇ ਹੁਕਮ ਮੰਨ ਲਏ ਹੁੰਦੇ।

ਇਹ ਬਹੁਤ ਹੀ ਮਹੱਤਵਪੂਰਣ ਹੈ ਕਿ ਅਸੀਂ ਮਨੁੱਖ ਦੀ ਸਮੱਸਿਆ ਨੂੰ ਸਮਝੀਏ, ਇਸ ਤੋਂ ਪਹਿਲਾਂ ਕਿ ਅਸੀਂ ਪਰਮੇਸ਼ਰ ਦੇ ਉਸ ਇਲਾਜ ਦੀ ਪ੍ਰਸ਼ੰਸਾ ਕਰ ਸਕੀਏ ਜੋ ਕਿ ਪਰਮੇਸ਼ਰ ਨੇ ਆਪਣੇ ਪਿਆਰੇ ਪੁੱਤਰ ਦੇ ਰੂਪ ਦੇ ਵਿੱਚ ਦਿੱਤਾ। ਬਹੁਤ ਸਾਰੇ

ਲੋਕ ਮਨੁੱਖ ਦੀ ਸਮੱਸਿਆ ਨੂੰ ਸਿੱਖਿਆ ਦੀ ਘਾਟ ਜਾਂ ਚੰਗੇ ਵਾਤਾਵਰਣ ਦੀ ਜਰੂਰਤ ਦੇ ਤੋਰ ਤੇ ਵੇਖਦੇ ਹਨ ਅਤੇ ਇਸ ਲਈ ਉਹ ਉਨ੍ਹਾਂ ਚੀਜਾਂ ਨੂੰ ਸੁਧਾਰਣ ਦੀ ਕੋਸ਼ਿਸ ਕਰਦੇ ਹਨ ਜਿਸ ਦੇ ਦੁਆਰਾ ਉਹ ਵਧੀਆ ਆਦਮੀਆਂ ਅਤੇ ਔਰਤਾਂ ਨੂੰ ਪੈਦਾ ਕਰ ਸਕਣ। ਪਰ ਇੰਨੇ ਸਾਰੇ ਸੁਧਾਰਾਂ ਦੇ ਬਾਵਜੂਦ ਮਨੁੱਖ ਅੱਜ ਵੀ ਪੂਰੀ ਤਰਾਂ ਪਾਪੀ ਹੈ। ਅਸੀਂ ਉਤਪਤ 3 ਦੇ ਵੱਲ ਵੇਖਣਾ ਚਾਹੁੰਦੇ ਹਾਂ, ਕਿਉਂਕਿ ਇੱਥੇ ਪਰਮੇਸ਼ਰ ਦੇ ਦੁਆਰਾ ਦਰਜ਼ ਕੀਤਾ ਗਿਆ ਹੈ ਕਿ ਇਸ ਵੱਡੀ ਤਬਾਹੀ ਹੋਣ ਤੋਂ ਪਹਿਲਾਂ ਜੋ ਕਿ ਕਦੇ ਵੀ ਇਤਹਾਸ ਦੇ ਵਿੱਚ ਘਟੀ, ਕੀ ਹੋਇਆ, ਮਨੁੱਖ ਦਾ ਡਿੱਗਣਾ ਜਿਸਦਾ ਪ੍ਤੀਨਿਧੀ ਆਦਮ ਸੀ। ਈ ਜੇ ਜੰਗ ਲਿਖਦਾ ਹੈ, "ਜਿੰਨੀਆਂ ਵੀ ਲਿਖਤਾਂ ਆਈਆਂ ਹਨ ਉਹ ਪੁਰਾਤਨਤਾ ਤੋਂ ਆਈਆਂ ਹਨ,
ਉਤਪਤ ਤਿੰਨ ਹੀ ਇਸ ਗੱਲ ਦਾ ਬਿਆਨ ਕਰਦੀ ਹੈ ਕਿ ਕਿਵੇਂ ਇਹ ਦੁਨੀਆਂ ਪਾਪੀ ਅਤੇ ਦੁਸਟ ਬਣੀ"[2]

1

# ਸਾਨੂੰ ਉਤਪਤ ਤਿੰਨ ਨੂੰ ਕਿਵੇਂ ਪੜਨਾ ਚਾਹੀਦਾ ਹੈ?

ਬਹੁਤ ਸਾਰੇ ਲੋਕ ਇਹ ਦੱਸਦੇ ਹਨ ਕਿ ਇਸ ਅਧਿਆਏ ਨੂੰ ਇੱਕ ਕਹਾਣੀ ਦੇ ਤੋਰ ਤੇ ਪੜਨਾ ਚਾਹੀਦਾ ਹੈ। ਕਹਾਣੀਆਂ ਦੇ ਵਿੱਚ ਜਾਨਵਰ ਬੋਲਦੇ ਹਨ ਅਤੇ ਕਿਸੇ ਨੂੰ ਉਸ ਨਾਲ ਕੋਈ ਸਮੱਸਿਆ ਨਹੀ ਹੈ ਕਿਉਂਕਿ ਇਹ ਇੱਕ ਤਰੀਕਾ ਹੈ ਜਿਸ ਦੇ ਦੁਆਰਾ ਇੱਕ ਨੈਤਿਕ ਪਾਠ ਸਿਖਿਆ ਜਾ ਸਕਦਾ ਹੈ। ਸਾਡੇ ਕੋਲ ਇੱਥੇ ਇੱਕ ਸੱਪ ਬੋਲਦਾ ਹੈ। ਸੰਸਾਰ ਦੇ ਵਿੱਚ ਬਹੁਤ ਸਾਰੀਆ ਕਹਾਣੀਆ ਹਨ ਜੋ ਕਿ ਇਸ ਵਰਗੀਆ ਹਨ ਅਤੇ ਉਹ ਬਹੁਤ ਹੀ ਰੋਚਿਕ ਪੜੀਆ ਜਾਣ ਵਾਲੀਆ ਕਹਾਣੀਆਂ ਹਨ। ਜੰਗ ਇੱਕ ਉਦਹਾਰਣ ਦਿੰਦਾ ਹੈ, “ਇਸ ਲਈ ਇਸੋਪ ਦੀਆਂ ਕਹਾਣੀਆ ਦੇ ਵਿੱਚ ਅਸੀਂ ਇੱਕ ਬਘਿਆੜ ਅਤੇ ਲੇਲੇ ਦੇ ਬਾਰੇ ਪੜਦੇ ਹਾਂ। ਲੇਲਾ ਨਦੀ ਵਿੱਚੋਂ ਪਾਣੀ ਪੀ ਰਿਹਾ ਸੀ ਜਿੱਥੋ ਪਾਣੀ ਆ ਰਿਹਾ ਸੀ, ਅਤੇ ਇੱਕ ਬਘਿਆੜ ਉੱਪਰ ਤੋਂ ਪਾਣੀ ਪੀ ਰਿਹਾ ਸੀ ਜਿੱਧਰ ਤੋਂ ਪਾਣੀ ਆ ਰਿਹਾ ਸੀ। ਪਰ ਉਸ ਬਘਿਆੜ ਨੇ ਲੇਲੇ ਦੇ ਉੱਪਰ ਦੋਸ਼ ਲਾਇਆ ਕਿ ਉਹ ਪਾਣੀ ਨੂੰ ਗੰਦਾ ਕਰ ਰਿਹਾ ਹੈ। ਅਤੇ ਉਸ ਨੇ ਲੇਲੇ ਤੇ ਹਮਲਾ ਕਰ ਦਿੱਤਾ ਕਿ ਉਹ ਉਸ ਨੂੰ ਖਤਮ ਕਰ ਦੇਵੇ। ਸਿੱਖਿਆ ਇਹ ਹੈ ਕਿ ਦੁਸਟ ਆਦਮੀ ਦੁਸ਼ਟਤਾ ਕਰਨ ਵਾਸਤੇ ਹਮੇਸ਼ਾ ਕੋਈ ਨਾ ਕੋਈ ਬਹਾਨਾ ਲੱਭ ਹੀ ਲੈਂਦਾ ਹੈ—ਇਹ ਇੱਕ ਚੰਗੀ ਉਦਹਾਰਣ ਹੈ”[3]

ਉਤਪਤ 3 ਇਸ ਸ਼੍ਰੇਣੀ ਵਿੱਚ ਨਹੀ ਆਉਂਦੀ ਹੈ। ਪੁਰਾਣੇ ਨੇਮ ਦੇ ਵਿੱਚ ਜਾਨਵਰ ਆਮ ਤੌਰ ਤੇ ਗੱਲ ਨਹੀ ਕਰਦੇ ਹਨ। ਸਿਰਫ ਦੋ ਥਾਂ ਹਨ ਜਿੱਥੇ ਜਾਨਵਰਾਂ ਨੇ ਗੱਲ ਕੀਤੀ- ਇੱਥੇ ਉਤਪਤ 3 ਵਿੱਚ ਅਤੇ ਬਾਲਾਮ ਦੇ ਗਧੇ ਨੇ ਗੱਲ ਕੀਤੀ ਹੈ ਜੋ ਗਿਣਤੀ 22 ਦੇ ਵਿੱਚ ਪਾਇਆ ਜਾਂਦਾ ਹੈ। ਦੂਸਰੇ ਹਿੱਸੇ ਵਿੱਚ ਅਸੀਂ ਪੜਦੇ ਹਾਂ, ਫਿਰ ਪਰਮੇਸ਼ਰ ਨੇ ਗਧੇ ਦਾ ਮੂੰਹ ਖੋਲ ਦਿੱਤਾ, (28 ਆਇਤ) ਇਸ ਲਈ ਜਾਨਵਰ ਸੁਭਾਅ ਤੋਂ ਗੱਲ ਕਰਨ ਵਾਲੇ ਨਹੀ ਹੁੰਦੇ ਹਨ ਪਰ ਇਹ ਇਸ ਲਈ ਹੋਇਆ ਕਿਉਂਕਿ ਪਰਮੇਸ਼ਰ ਇੱਕ ਵਿਗੜੇ ਹੋਏ ਨਬੀ ਨਾਲ ਗੱਲ ਕਰਨਾ ਚਾਹੁੰਦੇ ਸੀ। ਜੰਗ ਇਹ ਲਿਖਦੇ ਹਨ, “ਇੱਕ ਕਹਾਣੀ ਵਿੱਚ ਇੱਕ ਸਿੱਖਿਆ ਹੁੰਦੀ ਹੈ ਪਰ

ਇਸ ਦੇ ਵਿੱਚ ਕੋਈ ਵੀ ਸਿੱਖਿਆ ਨਹੀ ਦਿੱਤੀ ਗਈ ਹੈ। ਇਸ ਲਈ ਜੇਕਰ ਅਸੀਂ ਕਹੀਏ ਕਿ ਉਤਪਤ 3 ਅਧਿਆਏ ਸਿਰਫ ਇੱਕ ਕਹਾਣੀ ਹੈ ਤਾਂ ਅਸੀਂ ਇਸ ਦੇ ਨਾਲ ਸਹੀ ਨਿਆਂ ਨਹੀ ਕਰਦੇ ਹਾਂ" [4]

ਇੱਕ ਹੋਰ ਸਿੱਖਿਆ ਹੈ ਜਿਸ ਨੂੰ ਲੋਕ ਮੰਨਦੇ ਹਨ ਕਿ ਇਹ ਅਧਿਆਏ ਇੱਕ ਲੋਕ ਕਥਾ ਹੈ। ਇੱਕ ਕਥਾ ਇੱਕ ਕਹਾਣੀ ਹੁੰਦੀ ਹੈ ਜੋ ਕਿ ਧਾਰਮਿਕ ਸੱਚਾਈ ਨੂੰ ਪੇਸ਼ ਕਰਦੀ ਹੈ ਅਤੇ ਉਹ ਇਹ ਸਿੱਖਿਆ ਨਹੀ ਦਿੰਦੀ ਕਿ ਉਸ ਕਹਾਣੀ ਦੇ ਪਾਤਰ ਅਸਲੀ ਨਹੀ ਹਨ। ਇਹ ਕਈ ਦੇਸ਼ਾਂ ਦੀਆਂ ਕਹਾਣੀਆਂ ਹਨ, ਜਿਸ ਦੇ ਵਿੱਚ ਧਾਰਮਿਕ ਸੱਚਾਈ ਨੂੰ ਸਿਖਾਇਆ ਜਾਂਦਾ ਹੈ ਅਤੇ ਉਹ ਕਹਾਣੀ ਸੱਚ ਨਹੀ ਹੁੰਦੀ ਹੈ। ਪਰ ਇਹ ਉਤਪਤ 3 ਦੇ ਬਾਰੇ ਵਿੱਚ ਸੱਚ ਨਹੀ ਹੈ, ਕਿਉਂਕਿ ਇਹ ਕਹਾਣੀ 2 ਅਧਿਆਏ ਦੇ ਨਾਲ ਜੁੜੀ ਹੋਈ ਹੈ ਜਿਸਦੇ ਵਿੱਚ ਸਾਨੂੰ ਆਦਮ ਅਤੇ ਹਵਾ ਦੀ ਸ੍ਰਿਸਟੀ ਦੇ ਬਾਰੇ ਦੱਸਿਆ ਗਿਆ ਹੈ। ਇਹ ਅੱਗੇ 4 ਅਧਿਆਏ ਦੇ ਵਿੱਚ ਕਾਇਨ ਅਤੇ ਹਾਬਲ ਦੇ ਜਨਮ ਨਾਲ ਜੁੜੀ ਹੋਈ ਹੈ। ਇਸ ਲਈ ਅਸੀਂ ਇੱਕ ਵਾਰ ਫਿਰ ਤੋਂ ਕਹਿ ਸਕਦੇ ਹਾਂ ਕਿ ਉਤਪਤ 3 ਅਧਿਆਏ ਦੇ ਵਿੱਚ ਕੋਈ ਵੀ ਧਾਰਮਿਕ ਸਚਿਆਈ ਇਸ ਪੱਖ ਨੂੰ ਸਾਬਿਤ ਕਰਨ ਲਈ ਪੇਸ਼ ਨਹੀ ਕੀਤੀ ਗਈ ਹੈ। ਉਤਪਤ ਸਿਰਫ ਇਹ ਦੱਸਦੀ ਹੈ ਕਿ ਅਨਦ ਦੇ ਬਾਗ ਵਿੱਚ ਕੀ ਹੋਇਆ ਸੀ। ਜਿੱਥੇ ਮਨੁੱਖ ਨੇ ਪਰਮੇਸ਼ਰ ਦਾ ਵਿਦਰੋਹ ਕੀਤਾ।

ਦੂਸਰੇ ਲੋਕ ਇਸ ਅਧਿਆਏ ਨੂੰ ਇੱਕ ਦ੍ਰਿਸ਼ਟਾਂਤ ਦੇ ਤੋਰ ਤੇ ਵੇਖਦੇ ਹਨ। ਇੱਕ ਦ੍ਰਿਸ਼ਟਾਂਤ ਇੱਕ ਕਹਾਣੀ ਹੁੰਦੀ ਹੈ ਜੋ ਕਿ ਇੱਕ ਆਤਮਿਕ ਪਾਠ ਸਿਖਾਉਣ ਦੇ ਵਾਸਤੇ ਦੱਸਿਆ ਜਾਂਦਾ ਹੈ। ਸਾਡੇ ਪ੍ਰਭੂ ਨੇ ਕਈ ਬਾਰ ਦ੍ਰਿਸ਼ਟਾਂਤਾਂ ਨੂੰ ਆਪਣੀ ਸਿਖਸਾਵਾਂ ਵਿਚ ਇਸਤੀਮਾਲ ਕਿਤਾ ਹਨ। ਸਾਡੇ ਕੋਲ ਪੁਰਾਣੇ ਨੇਮ ਦੇ ਵਿੱਚ ਵੀ ਦ੍ਰਿਸ਼ਟਾਂਤ ਸਨ। ਇਹੋ ਜਿਹਾ ਹੀ ਇੱਕ ਦ੍ਰਿਸਟਾਂਤ ਨਬੀ ਨਾਥਾਨ ਦੇ ਦੁਆਰਾ ਰਾਜਾ ਦਾਊਦ ਨੂੰ ਦੱਸਿਆ ਗਿਆ ਸੀ ਜਦ ਉਸ ਨੇ ਬੈਤਸਬਾ ਨਾਲ ਵਿਭਚਾਰ ਕੀਤਾ ਸੀ। "ਦੋ ਵਿਅਕਤੀ ਸਨ" ਉਸ ਨੇ ਕਿਹਾ, "ਇੱਕ ਧਨੀ ਅਤੇ ਇੱਕ ਗਰੀਬ। ਧਨੀ ਵਿਅਕਤੀ ਦੇ ਕੋਲ ਬਹੁਤ ਸਾਰਾ ਇੱਜੜ ਸੀ ਅਤੇ ਚੋਣਾ ਸੀ, ਪਰ ਗਰੀਬ ਵਿਅਕਤੀ ਦੇ ਕੋਲ ਕੁਝ ਵੀ ਨਹੀ ਸੀ ਸਿਰਫ ਇੱਕ ਛੋਟੀ ਜਿਹੀ ਲੇਲੀ ਸੀ ਜਿਸ ਨੂੰ ਉਸ ਨੇ ਵੱਡਾ ਕੀਤਾ ਸੀ ਪਾਲਿਆ ਪੋਸਿਆ ਸੀ। ਉਸ ਦੇ ਲਈ ਉਹ ਇੱਕ ਬੇਟੀ ਦੀ ਤਰ੍ਹਾ ਸੀ। ਇੱਕ ਦੂਰੋਂ ਵਿਅਕਤੀ ਆਇਆ ਅਤੇ ਅਮੀਰ ਆਦਮੀ ਨੇ ਆਪਣੇ ਚੋਣੇ ਅਤੇ ਇੱਜੜ ਨੂੰ ਛੱਡ ਦਿੱਤਾ ਪਰ ਉਸ ਗਰੀਬ ਆਦਮੀ ਦੀ ਲੇਲੀ ਨੂੰ ਉਸ ਤੋਂ ਲੈ ਕੇ ਉਸ ਪਰਾਹੁਣੇ ਨੂੰ ਦੇ ਦਿੱਤੀ" ਜਦ ਦਾਊਦ ਨੇ ਇਹ ਸੁਣਿਆ ਤਾਂ ਉਹ ਅਮੀਰ ਆਦਮੀ ਦੇ ਵਿਰੋਧ ਵਿੱਚ ਬਹੁਤ ਹੀ ਗੁੱਸੇ ਦੇ ਵਿੱਚ ਆ ਗਿਆ, ਅਤੇ ਉਸ ਨੇ ਇਹ ਸਜ਼ਾ ਸੁਣਾਈ ਕਿ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ। ਨਾਥਾਨ ਨੇ ਉੱਤਰ ਦਿੱਤਾ, "ਉਹ ਆਦਮੀ ਤੂੰ ਹੈਂ"

ਇੱਕ ਦ੍ਰਿਸ਼ਟਾਂਤ ਦੇ ਵਿੱਚ ਕੁਝ ਆਤਮਿਕ ਸਬਕ ਹੁੰਦਾ ਹੈ ਜੋ ਕਿ ਪ੍ਰਭੂ ਦੇ ਦਿੱਤੇ ਦ੍ਰਿਸ਼ਟਾਂਤਾ ਦੇ ਵਿੱਚ ਵੀ ਨਜ਼ਰ ਆਉਂਦਾ ਹੈ ਅਤੇ ਪੁਰਾਣੇ ਨੇਮ ਦੇ ਵਿੱਚ ਵੀ ਨਜ਼ਰ ਆਉਂਦਾ ਹੈ। ਪਰ ਅਸੀਂ ਇਹੋ ਜਿਹਾ ਕੋਈ ਵੀ ਪਾਠ ਉਤਪਤ ਦੇ ਵਿੱਚ ਨਹੀ ਵੇਖਦਾ ਹਾਂ, ਅਤੇ ਉਤਪਤ ਦੇ ਤਿੰਨ ਅਧਿਆਏ ਦੇ ਵਿੱਚ ਜੋ ਹੋਇਆ ਹੈ ਉਹ ਇੱਕ ਇਤਹਾਸਿਕ ਘਟਨਾ ਹੈ। ਇਸ ਦੇ ਵਿੱਚ ਕੋਈ ਵੀ ਸਬਕ ਸਿਦੇ ਨਾਲ ਜੁੜਿਆ ਹੋਇਆ ਨਹੀ ਹੈ। ਉਤਪਤ 3 ਅਧਿਆਏ ਕੋਈ ਦ੍ਰਿਸ਼ਟਾਂਤ ਨਹੀ ਹੈ।

ਦੂਸਰੇ ਇਹ ਵੀ ਬਹਿਸ ਕਰਦੇ ਹਨ ਕਿ ਉਤਪਤ 3 ਅਧਿਆਏ ਇੱਕ ਤਰਕ ਵਾਲੀ ਕਹਾਣੀ ਹੈ, ਜੋ ਕਿ ਇਹ ਦੱਸਦਾ ਹੈ ਕਿ ਕਿਉਂ ਮਨੁੱਖ ਸੱਪਾਂ ਤੋਂ ਡਰਦੇ ਹਨ। ਇਹ ਇੱਕ ਬਹੁਤ ਹੀ ਨਰਾਸ਼ਾ ਵਾਲਾ ਤਰੀਕਾ ਹੈ ਜਿਸਦੇ ਨਾਲ ਉਤਪਤ ਦੀ ਸੱਚੀ ਸਿੱਖਿਆ ਨੂੰ ਨਾ ਮਾਨਿਏ, ਜੋ ਕਿ ਮਨੁੱਖ ਦੇ ਅੰਦਰ ਪਾਪ ਦੀ ਸ਼ੁਰੂਆਤ ਦੇ ਬਾਰੇ ਵਿੱਚ ਹੈ। ਇਹ ਬਹੁਤ ਹੀ ਅਜੀਬ ਗੱਲ ਹੈ ਕਿ ਮਨੁੱਖ ਇਸ ਖਾਸ ਡਰ ਦਾ ਸਾਹਮਣਾ ਕਰੇ ਕਿਉਂਕਿ ਉਹ ਤਾਂ ਹੋਰ ਵੀ ਕਈ ਜੰਤੂਆਂ ਤੋਂ ਡਰਦਾ ਹੈ -ਸ਼ੇਰਾਂ ਤੋਂ, ਚੀਤੀਆਂ ਅਤੇ ਬਿਛੂਆਂ ਆਦਿ ਤੋਂ।

ਇਹੋ ਜਿਹੇ ਬਹੁਤ ਸਾਰੇ ਲੋਕ ਹਨ ਜੋ ਕਿ ਕਦੇ ਵੀ ਆਪਣੇ ਪੂਰੇ ਜੀਵਨ ਵਿੱਚ ਕਿਸੇ ਸੱਪ ਨੂੰ ਨਹੀ ਵੇਖਣਗੇ। ਪਰ ਪੂਰੀ ਮਨੁੱਖ ਜਾਤੀ ਹਰ ਰੋਜ ਪਾਪ ਦੇ ਪ੍ਰਭਾਵ ਨੂੰ ਹਰ ਰੋਜ ਮਹਿਸੂਸ ਕਰ ਸਕਦੀ ਹੈ।

ਉਤਪਤ 3 ਅਧਿਆਏ ਨੂੰ ਇੱਕ ਇਤਹਾਸਿਕ ਤੱਥ ਦੇ ਤੋਰ ਤੇ ਵੇਖਿਆ ਜਾਣਾ ਚਾਹੀਦਾ ਹੈ ਕਿ ਮਨੁੱਖ ਜਾਤੀ ਦੀ ਸ਼ੁਰੂਆਤ ਦੇ ਵਿੱਚ ਸਾਡੇ ਮਾਤਾ ਪਿਤਾ ਦੇ ਨਾਲ ਕੀ ਹੋਇਆ। ਚਾਰ ਕਰਣ ਹਨ ਜਿੰਨਾਂ ਦੀ ਵਜ੍ਹਾਂ ਦੇ ਨਾਲ ਇਸ ਨੂੰ ਇਤਹਾਸਿਕ ਮੰਨਦੇ ਹਾਂ।

ਪਹਿਲੀ ਗੱਲ ਇਹ ਹੈ ਕਿ ਇਸ ਅਧਿਆਏ ਦੀ ਭਾਸ਼ਾ ਕੋਈ ਕਵਿਤਾ ਦੇ ਲਹਿਜੇ ਵਿੱਚ ਨਹੀ ਹੈ ਪਰ ਇਹ ਇੱਕ ਗਦ ਦੇ ਰੂਪ ਦੇ ਵਿੱਚ ਹੈ।

ਦੂਸਰੀ ਗੱਲ ਇਸ ਘਟਨਾ ਦੇ ਵਿੱਚ ਕੋਈ ਨੈਤਿਕ ਜਾਂ ਆਤਮਿਕ ਪਾਠ ਨਹੀ ਹੈ। ਯੰਗ ਲਿਖਦਾ ਹੈ, "ਕੋਈ ਵੀ ਪਾਠ ਆਦਮ ਅਤੇ ਹਵਾ ਦੇ ਇਸ ਕਦਮ ਤੋਂ ਨਹੀ ਲਿਆ ਗਿਆ ਹੈ, ਕੋਈ ਵੀ ਪ੍ਰਚਾਰ ਇੱਥੇ ਨਹੀ ਕੀਤਾ ਗਿਆ ਹੈ"[5]

ਤੀਸਰੀ ਗੱਲ ਇਹ ਅਧਿਆਏ 2 ਅਧਿਆਏ ਦੇ ਨਾਲ ਜੁੜਿਆ ਹੋਇਆ ਹੈ ਅਤੇ ਇਹ ਅਧਿਆਏ 4 ਦੇ ਵਿੱਚ ਜੋ ਹੋ ਰਿਹਾ ਹੈ ਉਸ ਨਾਲ ਵੀ ਜੁੜਿਆ ਹੋਇਆ ਹੈ। 4 ਅਧਿਆਏ ਦੇ ਵਿੱਚ ਉਸ ਬਾਗ ਦੇ ਬਾਰੇ ਜਿਸ ਦੇ ਵਿੱਚ ਉਹ ਰਹਿੰਦੇ ਸਨ ਅਤੇ ਜੋ ਉਨ੍ਹਾਂ ਦੀ ਸੰਤਾਨ ਹੋਈ ਉਸ ਦਾ ਜਿਕਰ ਆਉਂਦਾ ਹੈ।

ਚੋਥੀ ਗੱਲ ਇਹ ਹੈ ਕਿ ਨਵਾਂ ਨੇਮ ਇਸ ਅਧਿਆਏ ਨੂੰ ਕਿਵੇਂ ਇਤਹਾਸਿਕ ਤੋਰ ਤੇ ਵੇਖਦਾ ਹੈ। ਨਵਾਂ ਨੇਮ ਆਦਮ ਅਤੇ ਹਵਾ ਨੂੰ ਪਹਿਲੇ ਮਨੁੱਖੀ ਜੋੜੇ ਦੇ ਤੋਰ ਤੇ ਵੇਖਦਾ ਹੈ, ਅਤੇ ਆਦਮ ਦਾ ਮੁਲਾਂਕਣ ਮਸੀਹ ਨਾਲ ਰੋਮ 5:12–19 ਵਿਚ ਕੀਤਾ ਗਿਆ ਹੈ। ਜੇਕਰ ਆਦਮ ਇੱਕ ਅਸਲੀ ਵਿਅਕਤੀ ਨਹੀ ਸੀ ਤਾਂ ਇਸ ਮੁਲਾਂਕਣ ਦਾ ਕੀ ਅਰਥ ਬਣਦਾ ਹੈ। 2 ਕੁਰਿੰਥ 11:3 ਵਿੱਚ ਅਸੀਂ ਪੜਦੇ ਹਾਂ, "ਮੈਂ ਡਰਦਾ ਹਾਂ ਕਿ ਜਿਵੇਂ ਕਿਸੇ ਤਰੀਕੇ ਦੇ ਨਾਲ ਸੱਪ ਨੇ ਹਵਾ ਨੂੰ ਆਪਣੀ ਚਾਲ ਵਿੱਚ ਫਸਾ ਲਿਆ, ਕਿਤੇ ਤੁਹਾਡੇ ਮਨ ਵੀ ਮਸੀਹ ਦੀ ਸਾਦਗੀ ਦੇ ਦੁਆਰਾ ਭ੍ਰਿਸਟ ਨਾ ਹੋ ਜਾਣ" ਇਸ ਲਈ ਹਵਾ ਇੱਕ ਅਸਲੀ ਵਿਅਕਤੀ ਹੈ। ਮੈਂ ਇਸ ਮੁੱਦੇ ਦੇ ਨਾਲ ਸਮਾਂ ਬਿਤਾਇਆ ਹੈ, ਕਿਉਂਕਿ ਜੇਕਰ ਅਸੀਂ ਇਸ ਅਧਿਆਏ ਨੂੰ ਕਿਸੇ ਹੋਰ ਤਰੀਕੇ ਦੇ ਨਾਲ ਵੇਖਦੇ ਹਾਂ ਤਾਂ ਅਸੀਂ ਵਚਨ ਨੂੰ ਆਪਣੀ ਹੀ ਬਰਬਾਦੀ ਦੇ ਵਾਸਤੇ ਮਰੋੜਦੇ ਹਾਂ। ਅਗਰ ਪਾਪ ਨੂੰ ਇਸ ਅਧਿਆਏ ਵਿੱਚ ਨਾ ਵੇਖਿਆ ਜਾਵੇ ਤਾਂ ਪਾਪ ਦੀ ਫੈਲਾਵਟ ਦੇ ਬਾਰੇ ਵਿੱਚ ਕੋਈ ਵੀ ਵਿਆਖਿਆ ਨਹੀ ਹੋਵੇਗੀ।

# 2

# ਮਨੁੱਖਤਾ ਦੇ ਵਿੱਚ ਪਾਪ ਦੀ ਸ਼ੁਰੂਆਤ

ਆਦਮ ਜੋ ਕਿ ਮਨੁੱਖਤਾ ਦਾ ਪ੍ਰਤੀਨਿਧੀ ਸੀ ਉਸ ਨੂੰ ਇਸ ਪਰਖ ਵਿੱਚ ਇਸ ਕਰਕੇ ਰੱਖਿਆ ਗਿਆ ਸੀ ਕਿ ਕੀ ਉਹ ਪਰਮੇਸ਼ਰ ਦੀ ਪੂਰੇ ਦਿਲ ਦੇ ਨਾਲ ਆਗਿਆਕਾਰੀ ਕਰੇਗਾ ਜਾਂ ਫਿਰ ਜਦ ਉਸ ਕੋਲ ਆਗਿਆਕਾਰੀ ਕਰਨ ਦਾ ਕੋਈ ਚੰਗਾ ਕਾਰਣ ਹੋਵੇ ਤਾਂ ਹੀ ਉਹ ਆਗਿਆਕਾਰੀ ਕਰੇਗਾ। ਕੰਮਾਂ ਦੀ ਵਾਚਾ ਉਤਪਤ 2 ਅਧਿਆਏ ਦੇ ਵਿੱਚ ਦੱਸਿਆ ਗਿਆ ਹੈ:

**ਅੁਤਪਤ ੨:੧੭** ਪਰ ਭਲੇ ਅਤੇ ਬੁਰੇ ਦੀ ਪਛਾਣ ਦੇ ਰੁੱਖ ਤੋਂ ਤੁਸੀ ਨਾ ਖਾਣਾ ਕਿਉਂਕਿ ਜਿਸ ਦਿਨ ਤੁਸੀਂ ਉਸ ਨੂੰ ਖਾਉਗੇ ਤੁਸੀਂ ਨਿਸ਼ਚਤ ਹੀ ਮਰ ਜਾਉਗੇ।

ਅਸੀ ਪਿਛਲੀ ਛੋਟੀ ਪੁਸਤਕ ਦੇ ਵਿੱਚ ਦੱਸਿਆ ਸੀ ਕਿ ਇਸ ਰੁੱਖ ਜਾਂ ਜੀਵਨ ਦੇ ਰੁੱਖ ਵਿੱਚ ਕੋਈ ਵੀ ਜਾਦੂ ਨਹੀ ਸੀ। ਉਹ ਦੋਵੇਂ ਰੁੱਖ ਵੀ ਬਾਗ ਦੇ ਦੂਸਰੇ ਰੁੱਖਾਂ ਦੇ ਵਰਗੇ ਸਨ। ਓਹ ਦੋਵੇਂ ਰੁੱਖ ਵੀ ਦੂਸਰੇ ਰੁੱਖਾਂ ਦੀ ਤਰਾਂ ਪਰਮੇਸ਼ਰ ਨੇ ਹੀ ਬਣਾਏ ਸਨ। ਉਨ੍ਹਾਂ ਨੂੰ ਅਲੱਗ ਕੀਤਾ ਉਹ ਇੱਕ ਘਟਨਾਂ ਦੇ ਬਾਰੇ ਦੱਸਣ ਅਤੇ ਵਿਸ਼ਵਾਸ ਅਤੇ ਆਗਿਆਕਾਰੀ ਦੇ ਬਾਰੇ ਦੱਸਣ। ਅਤੇ ਦੂਸਰੇ ਰੁੱਖ ਦੇ ਵਿੱਚ ਸਦੀਪਕ ਜੀਵਨ ਦਾ ਇਨਾਮ ਸੀ। ਕੀ ਇਹ ਪਰਤਾਵਾ ਆਪਣੀ ਮਰਜ਼ੀ ਨਾਲ ਸੀ ਜਾਂ ਫਿਰ ਕੀ ਇਹ ਸਹੀ ਸੀ ਕਿ ਪਰਮੇਸ਼ਰ ਮਨੁੱਖ ਤੋਂ ਚਾਹੁੰਦਾ ਹੈ ਕਿ ਉਹ ਯਾਤਰਾ ਦੇ ਸ਼ੁਰੂ ਵਿੱਚ ਹੀ ਸਭ ਕੁਝ ਸਿੱਖ ਸਕਣ? ਪਰਮੇਸ਼ਰ ਕੁਝ ਵੀ ਆਪਣੀ ਮਰਜ਼ੀ ਨਾਲ ਨਹੀ ਕਰਦਾ ਹੈ ਭਾਵੇਂ ਇਹ ਸਾਨੂੰ ਇਵੇਂ ਹੀ ਲੱਗਦਾ ਹੈ। ਹਰਮਨ ਬੇਵਨਿਕ ਇਸ ਪਰਤਾਵੇ ਦਾ ਕਾਰਣ ਦੱਸਦੇ ਹਨ:

**ਝ ਉਤਪਤ ਦੇ ਵਿੱਚ ਮੁੱਦਾ ਇਹ ਹੈ ਕਿ ਮਨੁੱਖ ਪਰਮੇਸ਼ਰ ਤੇ ਨਿਰਭਰ ਕਰ ਸਕਣ, ਭਵੇਂ ਕਿ ਉਹ ਧਰਤੀ ਦੇ ਉੱਪਰ ਰਾਜ ਕਰਨ ਵਾਸਤੇ ਹੈ ਪਰ ਉਹ ਇਸਦੀ ਮੁਕਤੀ ਪਰਮੇਸ਼ਰ ਦੇ ਹੁਕਮਾਂ ਦੀ ਦੀਨਤਾ ਵਿੱਚ ਹੈ। ਜਾਂ ਫਿਰ ਉਹ ਹੁਕਮ ਨੂੰ ਤੋੜ ਦੇਣਾ ਅਤੇ ਪਰਮੇਸ਼ਰ ਦੇ ਕਨੂੰਨ ਅਤੇ ਅਧਿਕਾਰ ਤੋਂ ਦੂਰ ਹੋ ਜਾਣਾ, ਇਹ ਚਾਹੇਗਾ ਕਿ**

ਉਹ ਆਪਣੇ ਪੈਰਾਂ ਤੇ ਆਪ ਖੜਾ ਹੋਵੇ ਅਤੇ ਆਪਣੇ ਰਾਹ ਤੇ ਜਾਵੇ ਅਤੇ ਆਪਣੀ ਕਿਸਮਤ ਦੀ ਕੋਸ਼ਿਸ ਕਰੇ। ਜਦ ਮਨੁੱਖਤਾ ਪਾਪ ਦੇ ਵਿੱਚ ਡਿੱਗ ਪਈ ਤਾਂ ਉਸ ਨੇ ਉਹੀ ਕੀਤਾ, ਇਸ ਨੇ ਆਪਣੇ ਆਪ ਨੂੰ ਪਰਮੇਸ਼ਰ ਬਣਾ ਦਿੱਤਾ, ਅਤੇ ਦ੍ਰਿਸ਼ਟੀਕੋਣ ਅਤੇ ਨਿਆਂ ਦੇ ਵਿੱਚ ਉਹ ਭਲੇ ਅਤੇ ਬੁਰੇ ਦਾ ਗਿਆਨ ਲੈ ਲਿਆ। ਉਤਪਤ 3:22 ਇਹ ਬਹੁਤ ਸੱਚੀ ਸਚਿਆਈ ਹੈ। ਇਹ ਪਰਮੇਸ਼ਰ ਤੋਂ ਦੂਰੀ ਭਾਵੇਂ ਕਿ ਸਾਨੂੰ ਸੱਚੀ ਖੁਸ਼ੀ ਵੱਲ ਚਲਾ ਨਾ ਸਕੀ ਅਤੇ ਨਾ ਚਲਾ ਪਾਵੇਗੀ। ਇਸ ਲਈ ਪਰਮੇਸ਼ਰ ਨੇ ਹੁਕਮ ਦਿੱਤਾ ਸੀ ਕਿ ਉਹ ਆਜ਼ਾਦੀ ਵੱਲ ਨਾ ਜਵ ਅਤੇ ਆਜ਼ਾਦੀ ਪਿਆਸ ਨਾ ਰੱਖੇ। ਪਰ ਮਨੁੱਖਤਾ ਨੇ ਜਾਣ ਬੁੱਝ ਕੇ ਦੂਸਰਾ ਰਾਹ ਚੁਣਿਆ ਇਸ ਲਈ ਉਹ ਪਰਖ ਦੇ ਵਿੱਚ ਹਾਰ ਗਏ।[6]

ਹਾਲਾਂਕਿ ਇਹ ਹੁਕਮ ਕਿ ਭਲੇ ਅਤੇ ਬੁਰੇ ਦੀ ਪਛਾਣ ਦੇ ਰੁੱਖ ਤੋਂ ਨਾ ਖਾਣਾ ਆਜ਼ਾਦ ਮਰਜ਼ੀ ਦਾ ਹੁਕਮ ਸੀ, ਪਰ ਇਸਦੇ ਪਿੱਛੇ ਜੋ ਪ੍ਰਖੀਆ ਦਾ ਕਾਰਣ ਸੀ ਓਹ ਨਹੀ ਸੀ। ਇਸ ਦੇ ਵਿੱਚ ਇਹ ਦਿਖਾਇਆ ਗਿਆ ਸੀ ਕਿ ਜਦ ਮਨੁੱਖ ਪਰਮੇਸ਼ਰ ਦੇ ਅਧੀਨ ਰਹਿੰਦਾ ਹੈ ਤਾਂ ਉਸ ਨੂੰ ਕਿੰਨੀ ਅਸ਼ੀਸ ਮਿਲਦੀ ਹੈ। ਆਉ ਹੁਣ ਅਸੀਂ ਉਤਪਤ 3:1–6 ਦੇ ਵਿੱਚ ਜੋ ਪਰਤਾਵਾ ਹੋਇਆ ਉਸ ਨੂੰ ਵੇਖੀਏ।

**ਉਤਪਤ ੩:੧** ਸੱਪ ਸਭ ਜੰਗਲੀ ਜਾਨਵਰਾਂ ਨਾਲੋਂ ਜਿੰਨਾਂ ਨੂੰ ਪਰਮੇਸ਼ਰ ਨੇ ਬਣਾਇਆ ਸੀ ਚਾਤਰ ਸੀ ਅਤੇ ਉਸ ਨੇ ਉਸ ਤੀਵੀਂ ਨੂੰ ਆਖਿਆ, ਭਲਾ ਪਰਮੇਸ਼ਰ ਨੇ ਸੱਚਮੁੱਚ ਆਖਿਆ ਹੈ ਕਿ ਬਾਗ ਦੇ ਕਿਸੇ ਰੁੱਖ ਤੋਂ ਤੁਸੀਂ ਨਾ ਖਾਉ?

ਸ਼ਾਡਾ ਸਾਹਮਣੇ ਉਸੇ ਵੇਲੇ ਉਸ ਸੱਪ ਨਾਲ ਹੁੰਦਾ ਹੈ ਜੋ ਕਿ ਬੋਲ ਸਕਦਾ ਹੈ। ਕੀ ਅਸੀਂ ਇਸ ਨੂੰ ਇਸੇ ਤਰੀਕੇ ਦੇ ਨਾਲ ਲੈ ਸਕਦੇ ਹਾਂ ਜਿਵੇਂ ਲਿਖਿਆ ਹੋਇਆ ਹੈ। ਕਈ ਲੋਕ ਸੱਪ ਨੂੰ ਸ਼ੈਤਾਨ ਦਾ ਚਿੰਨ ਦੱਸਦੇ ਹਨ ਪਰ ਇਸਦਾ ਕੋਈ ਅਰਥ ਨਹੀ ਬਣਦਾ ਕਿਉਂਕਿ ਉਸਦਾ ਮੁਕਾਬਲਾ ਦੂਸਰੇ ਜਾਨਵਰਾਂ ਦੇ ਨਾਲ ਕੀਤਾ ਗਿਆ ਹੈ ਜਿੰਨਾਂ ਨੂੰ ਪਰਮੇਸ਼ਰ ਨੇ ਬਣਾਇਆ ਸੀ। ਅਤੇ ਉਹ ਸਜ਼ਾ ਵੀ ਜੋ ਕਿ ਸੱਪ ਨੂੰ ਦਿੱਤੀ ਗਈ ਉਹ ਸਿੱਧੇ ਰੂਪ ਵਿੱਚ ਸ਼ੈਤਾਨ ਦੇ ਉੱਪਰ ਲਾਗੂ ਨਹੀ ਹੁੰਦੀ ਹੈ ਜੋ ਕਿ ਆਤਮਾ ਹੈ। ਸਵਾਲ ਇਹ ਉੱਠਦਾ ਹੈ ਕਿ "ਸੱਪ ਸਭ ਜਾਨਵਰਾਂ ਨਾਲੋਂ ਚਾਤਰ ਕਿਵੇਂ ਸੀ?" ਸੱਪ ਮਨੁੱਖ ਦੀ ਤਰਾਂ ਇੱਕ ਨੈਤਿਕ ਵਿਅਕਤੀ ਨਹੀ ਹੈ, ਇਸ ਲਈ ਨੈਤਕਿਤਾ ਦੇ ਸਿਧਾਂਤ ਉਸ ਉੱਪਰ ਲਾਗੂ ਨਹੀ ਹੁੰਦੇ ਹਨ। ਅਸਲ ਵਿੱਚ ਇਹ ਕਿਹਾ ਗਿਆ ਹੈ ਕਿ ਉਸ ਵਿਚਾਰ ਦੇ ਨਾਲ ਜੋ ਹੋਣ ਵਾਲਾ ਹੈ ਕਿ ਸੱਪ ਸ਼ੈਤਾਨ ਦੇ ਵਾਸਤੇ ਮੂੰਹ ਸੀ।

ਸੱਪ ਪਰਮੇਸ਼ਰ ਦੀ ਬਣਾਈ ਹੋਈ ਇੱਕ ਅਸਲੀ ਰਚਨਾ ਸੀ ਜੋ ਕਿ ਸ਼ੈਤਾਨ ਦੇ ਦੁਆਰਾ ਹਵਾ ਨੂੰ ਧੋਖਾ ਦੇਣ ਲਈ ਇਸਤੇਮਾਲ ਕੀਤਾ ਗਿਆ। ਸ਼ੈਤਾਨ ਨੇ ਇਹ ਤਰੀਕਾ ਕਿਉਂ ਚੁਣਿਆ? ਬੈਵਨਿਕ ਇਸਦੀ ਵਧੀਆ ਵਿਆਖਿਆ ਦਿੰਦਾ ਹੈ, "ਬੇਸ਼ੱਕ ਸੱਪ ਦਾ ਬੋਲਣਾ ਔਰਤ ਲਈ ਬਹੁਤ ਹੀ ਅਜੀਬ ਹੋਵੇਗਾ, ਪਰ ਇਸ

ਅਜੀਬ ਕੰਮ ਦੇ ਪਿੱਛੇ ਉਲਝਾਉਣਾ ਸੀ: ਇੱਕ ਜਾਨਵਰ ਨੇ ਵੀ, ਪਰਮੇਸ਼ਰ ਦੇ ਹੁਕਮ ਨੂੰ ਤੋੜ ਕੇ ਉੱਚੇ ਪੱਧਰ ਦੀ ਸਿੱਧਤਾ ਹਾਂਸਿਲ ਕੀਤੀ ਸੀ"[7] ਇਸ ਜਾਨਵਰ ਦੇ ਵਿੱਚ ਕੁਝ ਹੋਵੇਗਾ ਜਿਸ ਨੇ ਇਸ ਨੂੰ ਇਸ ਯੋਗ ਬਣਾਇਆ, ਹਾਲਾਂਕਿ ਅਸੀਂ ਇਹ ਜਾਣਦੇ ਨਹੀ ਹਾਂ। ਯਿਸੂ ਨੇ ਵੀ ਇਸ ਦੀ ਯੋਗਤਾ ਦਾ ਬਿਆਨ ਕੀਤਾ ਜਦ ਉਸ ਨੇ ਆਪਣੇ ਚੇਲਿਆ ਨੂੰ ਬਾਹਰ ਘੱਲਿਆ, "ਵੇਖੋ ਮੈਂ ਤੁਹਾਨੂੰ ਭੇਡਾਂ ਦੀ ਤਰ੍ਹਾਂ ਬਘਿਆੜਾਂ ਵਿੱਚ ਭੇਜਦਾ ਹਾਂ: ਇਸ ਲਈ ਤੁਸੀਂ ਸੱਪਾਂ ਦੀ ਤਰ੍ਹਾਂ ਚਾਤਰ ਅਤੇ ਕਬੂਤਰ ਦੀ ਨਾਈ ਭੋਲੇ ਹੋਵੋ" (ਮਤੀ 10:16)

ਸੱਪ ਹਵਾ ਦੇ ਕੋਲ ਕਿਉਂ ਗਿਆ, ਆਦਮ ਦੇ ਕੋਲ ਕਿਉਂ ਨਹੀ ਗਿਆ ਜਿਸ ਨੂੰ ਕਿ ਪਰਮੇਸ਼ਰ ਨੇ ਪਹਿਲਾਂ ਇਹ ਹੁਕਮ ਦਿੱਤਾ ਸੀ (ਉਤਪਤ 2:17)? ਸ਼ੈਤਾਨ ਹਮੇਸ਼ਾ ਚਾਲਾਕੀ ਨਾਲ ਕੰਮ ਕਰਦਾ ਹੈ। "ਬਹੁਤ ਵਾਰ ਪਰਤਾਵਾ ਸਾਨੂੰ ਉਨ੍ਹਾਂ ਲੋਕਾਂ ਦੇ ਦੁਆਰਾ ਆਉਂਦਾ ਹੈ ਜਿੰਨਾਂ ਨੂੰ ਅਸੀਂ ਪਿਆਰ ਕਰਦੇ ਹਾਂ ਅਤੇ ਜਿੰਨਾਂ ਦੀ ਅਸੀਂ ਇੱਜਤ ਕਰਦੇ ਹਾਂ। ਜਦ ਵੀ ਅਸੀਂ ਪਿਆਰ ਦਾ ਵਾਸਤਾ ਦੇ ਕੇ ਮੰਗ ਕਰਦੇ ਹਾਂ, ਇਸ ਦੇ ਵਿੱਚ ਅਸੀਂ ਦੂਸਰਿਆਂ ਦੇ ਵਾਸਤੇ ਇੱਕ ਆਤਮਿਕ ਖਤਰਾ ਬਣ ਜਾਂਦੇ ਹਾਂ, ਜਿਵੇਂ ਹਵਾ ਆਦਮ ਵਾਸਤੇ ਬਣ ਗਈ" [8]
ਤਿਮੋਥਿਉਸ ਨੂੰ ਲਿਖਦੇ ਹੋਏ ਪੋਲੁਸ ਲਿਖਦਾ ਹੈ, "ਕਿਉਂ ਜੋ ਆਦਮ ਪਹਿਲਾਂ ਰਚਿਆ ਗਿਆ ਸੀ, ਫਿਰ ਹਵਾ, ਆਦਮ ਨੇ ਧੋਖਾ ਨਹੀ ਖਾਧਾ ਪਰ ਇਸਤਰੀ ਧੋਖਾ ਖਾ ਕੇ ਅਪਰਾਧ ਵਿੱਚ ਪੈ ਗਈ" (1 ਤਿਮੋ 2:13-14) ਫਿਰ ਪੋਲੁਸ ਗੱਲ ਕਰਦਾ ਹੈ ਕਿ ਕਿਵੇਂ ਸੱਪ ਨੇ ਆਪਣੀ ਚਤੁਰਾਈ ਦੇ ਦੁਆਰਾ ਹਵਾ ਨੂੰ ਭਰਮਾ ਲਿਆ (2 ਕੁਰਿੰ 11:3 ਅਤੇ 1 ਪਤਰਸ 3:7 ਵਿੱਚ ਪਤਨੀ ਨੂੰ ਕਮਜੋਰ ਬਰਤਨ ਕਿਹਾ ਗਿਆ ਹੈ। ਇਹ ਕਾਰਣ ਸ਼ਾਇਦ ਇਸ ਗੱਲ ਨੂੰ ਪ੍ਰਗਟ ਕਰਦੇ ਹਨ ਕਿ ਕਿਉਂ ਸ਼ੈਤਾਨ ਹਵਾ ਦੇ ਕੋਲ ਗਿਆ। ਇੱਕ ਅਖੀਰਲਾ ਕਾਰਣ ਇਹ ਵੀ ਹੋ ਸਕਦਾ ਹੈ ਕਿ ਹਵਾ ਪਰਮੇਸ਼ਰ ਦੇ ਹੁਕਮ ਉੱਪਰ ਇਸ ਲਈ ਵੀ ਸ਼ੱਕ ਕਰਦੀ ਕਿਉਂਕਿ ਉਸ ਨੂੰ ਇਹ ਹੁਕਮ ਸਿੱਧੇ ਤੋਰ ਤੇ ਪਰਮੇਸ਼ਰ ਦੀ ਵੱਲੋਂ ਨਹੀ ਮਿਲਿਆ ਸੀ। (ਉਤਪਤ 2:17)

ਅਸੀਂ ਗੱਲ ਕੀਤੀ ਹੈ ਕਿ ਸੱਪ ਸ਼ੈਤਾਨ ਦਾ ਹਥਿਆਰ ਸੀ। ਅਸੀਂ ਇਸ ਸਿੱਟੇ ਤੇ ਕਿਵੇਂ ਪਹੁੰਚਦੇ ਹਾਂ, ਜਦ ਕਿ ਇਹ ਪਦ ਸਾਨੂੰ ਇਹ ਨਹੀ ਦੱਸਦਾ ਹੈ? ਅਸੀਂ ਇਹ ਪਹਿਚਾਣ ਨਵੇਂ ਨੇਮ ਦੇ ਵਿੱਚੋਂ ਪ੍ਰਾਪਤ ਕਰਦੇ ਹਾਂ। ਬੇਵਨਿਕ ਲਿਖਦਾ ਹੈ:

> ਪੋਲੁਸ ਦੂਸਰੇ ਆਦਮੀ ਤੋਂ ਪਹਿਲੇ ਦੇ ਵੱਲ ਵੇਖਦਾ ਹੈ। ਸਿਰਫ ਹੋਲੀ ਹੋਲੀ ਇਤਹਾਸ ਦੇ ਪਰਕਾਸ਼ਣ ਦੇ ਵਿੱਚ, ਆਤਮਿਕ ਤਾਕਤਾਂ ਨੂੰ ਉੱਪਰ ਆਉਂਦੇ ਹੋਏ ਵੇਖਦੇ ਹਾਂ ਜੋ ਕਿ ਸੱਪ ਦੇ ਰੂਪ ਅਤੇ ਧੋਖੇ ਦੇ ਵਿੱਚ ਲੁਕੇ ਪਏ ਸਨ। ਫਿਰ ਅਸੀਂ ਸਿੱਖਦੇ ਹਾਂ ਕਿ ਦੁਸ਼ਟਤਾ ਤੇ ਸੰਘਰਸ਼ ਦੇ ਵਿੱਚ ਜੋ ਕਿ ਧਰਤੀ ਦੇ ਉੱਪਰ ਹੈ ਇਕ ਯੁੱਧ ਆਤਮਾਵਾਂ ਦੇ ਵਿੱਚ ਚੱਲ ਰਿਹਾ ਹੈ ਜਿਸ ਵਿੱਚ ਇਹ ਸੰਸਾਰ ਅਤੇ ਮਨੁਖਤਾ ਸੁਟ ਦਾ ਮਾਲ ਹਨ ਅਤੇ ਨਰਕ ਅਤੇ ਸਵਰਗ ਦੇ ਵਿੱਚ ਇੱਕ ਯੁੱਧ ਚੱਲ ਰਿਹਾ ਹੈ।

. . . ..ਸ਼ੈਤਾਨ ਇੱਕ ਦੋਸ਼ ਲਾਉਣ ਵਾਲਾ, ਇੱਕ ਪਰਤਾਵਾ ਕਰਨ ਵਾਲਾ, ਮਨੁੱਖਤਾ ਦੀ ਚੁਗਲੀ ਕਰਨਾ ਵਾਲਾ ਅਤੇ ਮਨੁੱਖਤਾ ਦਾ ਕਾਤਲ, (ਮਤੀ 4:3. ਯੂਹੰਨਾਂ 8:44, ਅਫਸੀਆਂ 6:11. 1 ਥਿਸ 3:5, 2 ਤਿਮੋ 2:26) ਦਰਿੰਦਾ ਅਤੇ ਪੁਰਾਣਾ ਅਜ਼ਗਰ ਹੈ। (ਪ੍ਰਕਾਸ਼ ਦੀ ਪੋਥੀ 12:9, 14-15;20:2) ਜਿਵੇਂ ਉਹ ਯਿਸੂ ਦੇ ਵੱਲ ਆਉਂਦਾ ਹੈ ਜੋ ਕਿ ਦੂਸਰਾ ਆਦਮ ਹੈ. ਅਤੇ ਇਸੇ ਹੀ ਤਰਾਂ ਉਹ ਪਹਿਲੇ ਵੱਲ ਵੀ ਆਇਆ.9

ਆਉ ਅਸੀਂ ਉਨ੍ਹਾਂ ਸ਼ਬਦਾਂ ਦੇ ਵੱਲ ਵੇਖੀਏ ਜੋ ਕਿ ਉਸ ਨੇ ਹਵਾ ਨੂੰ ਬੋਲੇ। ਉਸ ਨੇ ਕਿਹਾ, "ਹਾਂ, ਕੀ ਪਰਮੇਸ਼ਰ ਨੇ ਕਿਹਾ ਹੈ ਕਿ ਤੁਸੀਂ ਬਾਗ ਦੇ ਕਿਸੇ ਵੀ ਰੁੱਖ ਤੋਂ ਨਾ ਖਾਣਾ?" ਜੇਕਰ ਸੱਪ ਇਹ ਪ੍ਰਸ਼ਨ ਕਰਨ ਦੀ ਕੋਸ਼ਿਸ ਕਰ ਰਿਹਾ ਹੁੰਦਾ ਕਿ ਪਰਮੇਸ਼ਰ ਨੇ ਜੋ ਕਿਹਾ ਉਹੀ ਉਹ ਬੋਲਦਾ ਤਾਂ ਉਹ ਆਪਣੇ ਮਕਸਦ ਨੂੰ ਪੂਰਾ ਨਾ ਕਰ ਪਾਉਂਦਾ ਕਿਉਂਕਿ ਹਵਾ ਉਸ ਨੂੰ ਉਸੇ ਵੇਲੇ ਸਹੀ ਕਰਦੀ ਹੈ। ਇਹ ਪ੍ਰਸ਼ਨ ਸੱਪ ਦੀ ਚਤੁਰਾਈ ਨੂੰ ਨਹੀਂ ਵਿਖਾਉਂਦਾ ਹੈ।

ਰੋਬਰਟ ਰੇਮੰਡ ਕਿ ਇਹ ਇਬਰਾਨੀ ਭਾਸ਼ਾ ਦੇ ਵਿੱਚ ਜਿਆਦਾ ਸਹੀ ਦੱਸਿਆ ਗਿਆ ਹੈ ਜਿਵੇਂ, "ਹਾਲਾਂਕਿ ਪਰਮੇਸ਼ਰ ਨੇ ਕਿਹਾ ਹੈ ਕਿ ਤੁਸੀਂ ਬਾਗ ਦੇ ਕਿਸੇ ਵੀ ਰੁੱਖ ਤੋਂ ਨਾ ਖਾਣਾ. . . .." ਇਸ ਤਰੀਕੇ ਦੇ ਨਾਲ ਗੱਲ ਕਰਨ ਦੇ ਦੁਆਰਾ ਸੱਪ ਗਲਤੀ ਵਿਖਾਉਂਦਾ ਹੈ ਹਾਲਾਂਕਿ ਇਹ ਇੱਕ ਸੱਚਾਈ ਸੀ। ਉਹ ਆਪਣੇ ਵਾਕ ਨੂੰ ਸੰਪੂਰਣ ਨਹੀ ਕਰਦਾ ਹੈ ਕਿਉਂਕਿ ਉਸ ਨੂੰ ਔਰਤ ਰੋਕ ਕੇ ਸਹੀ ਕਰਦੀ ਹੈ। ਇਸ ਸੁਧਾਰ ਦੇ ਦੁਆਰਾ ਉਹ ਧਾਰਮਿਕ ਮਸਲਿਆਂ ਦੇ ਵਿੱਚ ਅਧਿਕਾਰ ਵਾਲੀ ਬਣ ਗਈ ਸੀ। ਉਸ ਨੇ ਪਰਮੇਸ਼ਰ ਦੇ ਰਾਹਾਂ ਦੇ ਬਾਰੇ ਵਿੱਚ ਸੱਪ ਤੋਂ ਜਿਆਦਾ ਸਮਝ ਵਿਖਾਉਣ ਦੀ ਕੋਸ਼ਿਸ ਕੀਤੀ ਇਸ ਤਰੀਕੇ ਦੇ ਨਾਲ ਉਸਨੇ ਢਰ ਉੱਪਰ ਮਾਨਸਿਕ ਅਧਿਕਾਰ ਜੋ ਕਿ ਡਰ ਉੱਪਰ ਹੈ, ਨੂੰ ਗਵਾ ਦਿੱਤਾ, ਜੋ ਕਿ ਉਸ ਵੱਲੋਂ ਮੈਹਸੂਸ ਕਰਦੀ ਸੀ" 10

ਇਸ ਤਰੀਕੇ ਦੇ ਨਾਲ ਪ੍ਰਸ਼ਨ ਪੁੱਛਣ ਦੇ ਦੁਆਰਾ ਉਸ ਨੇ ਉਸ ਨੂੰ ਆਰਾਮ ਵਾਲੀ ਥਾਂ ਦੇ ਵਿੱਚ ਰੱਖ ਦਿੱਤਾ, ਕਿਉਂਕਿ ਉਸ ਨੇ ਆਪਣੇ ਆਪ ਨੂੰ ਸੱਪ ਤੋਂ ਉੱਪਰ ਵਿਖਾਇਆ ਸੀ। ਉਹ ਉਸਦੇ ਉੱਤਰ ਦੇ ਦੁਆਰਾ ਉਸਦਾ ਧਿਆਨ ਮਨ੍ਹਾਂ ਕੀਤੇ ਹੋਏ ਰੁੱਖ ਦੇ ਵੱਲ ਲੈ ਗਿਆ। ਹਵਾ ਨੂੰ ਉਹੀ ਤਰੀਕਾ ਵਰਤਣਾ ਚਾਹੀਦਾ ਸੀ ਜੋ ਕਿ ਸਾਡੇ ਮੁਕਤੀਦਾਤਾ ਨੇ ਵਰਤਿਆ ਸੀ ਜਦ ਉਹ ਪਰਖਿਆ ਗਿਆ ਸੀ। ਉਸ ਨੇ ਬਾਰ ਬਾਰ ਕਿਹਾ, "ਇਹ ਲਿਖਿਆ ਹੈ" ਅਤੇ ਉਸ ਨੇ ਗੱਲਬਾਤ ਲਈ ਕੋਈ ਖਾਲੀ ਥਾਂ ਛੱਡੀ ਹੀ ਨਹੀ। ਪਰ ਹਵਾ ਉਸ ਰਚਨਾ ਦੇ ਨਾਲ ਗੱਲਬਾਤ ਕਰਨ ਲੱਗ ਪਈ ਜੋ ਕਿ ਆਪਣੇ ਸੁਭਾਅ ਅਤੇ ਪਰਮੇਸ਼ਰ ਦੇ ਵਚਨਾਂ ਦੇ ਖਿਲਾਫ ਗੱਲ ਕਰ ਰਿਹਾ ਸੀ। ਇੱਕ ਹੋਰ ਗੱਲ ਹੈ ਜੋ ਕਿ ਸਾਨੂੰ ਸਮਝਣੀ ਚਾਹੀਦੀ ਹੈ ਉਹ ਇਹ ਹੈ ਕਿ ਸ਼ੈਤਾਨ ਨੇ ਉਹ ਨਾਮ ਕਿਤੇ ਵੀ ਇਸਤੇਮਾਲ ਨਹੀ ਕੀਤਾ ਜਿਸ ਦੇ ਦੁਆਰਾ ਉਹ ਆਪਣੇ ਲੋਕਾਂ ਨੂੰ ਬੁਲਾਉਂਦਾ ਹੈ। ਉਹ ਇਸ ਨਾਮ ਦਾ ਇਸਤੇਮਾਲ ਕਰਨ ਤੋਂ ਪ੍ਰਹੇਜ ਕਰਦਾ ਹੈ ਕਿਉਂਕਿ ਇਸਦੇ ਦੁਆਰਾ ਹਵਾ ਨੂੰ ਉਸਦੇ ਪਰਮੇਸ਼ਰ ਦੇ ਨਾਲ ਸਬੰਧ ਦਾ ਅਤੇ

ਉਸ ਵਾਚਾ ਦਾ ਪੁਨਰ ਵਿਚਾਰ ਆ ਜਾਂਦਾ ਜੋ ਕਿ ਉਸਨੇ ਉਨ੍ਹਾਂ ਨਾਲ ਕੀਤੀ ਸੀ ਜਿਸ ਨੇ ਉਨ੍ਹਾਂ ਲਈ ਭਰਪੂਰੀ ਨਾਲ ਮੁਹੱਈਆ ਕੀਤਾ ਸੀ।

**ਉਤਪਤ ੩:੨,੩** ਅਤੇ ਔਰਤ ਨੇ ਸੱਪ ਨੂੰ ਕਿਹਾ, ਅਸੀਂ ਬਾਗ ਦੇ ਕਿਸੇ ਵੀ ਰੁੱਖ ਤੋਂ ਖਾ ਸਕਦੇ ਹਾਂ: ਪਰ ਜੋ ਰੁੱਖ ਬਾਗ ਦੇ ਵਿਚਕਾਰ ਹੈ, ਪਰਮੇਸ਼ਰ ਨੇ ਕਿਹਾ ਕਿ ਉਸ ਤੋਂ ਨਾ ਖਾਣਾ, ਸਗੋਂ ਉਸ ਨੂੰ ਛੂਹਣਾ ਵੀ ਨਹੀ, ਨਹੀਂ ਤਾਂ ਤੁਸੀ ਮਰ ਜਾਉਗੇ।

ਰੇਮੰਡ ਨੇ ਲਿਖਦਾ ਹੈ, "ਉਸ ਦੇ ਅਸੰਪੂਰਣ ਵਾਕ ਨੇ ਹਵਾ ਨੂੰ ਮਜਬੂਰ ਕੀਤਾ ਕਿ ਉਹ ਪਰਮੇਸ਼ਰ ਦੀ ਮਨਾਹੀ ਦੇ ਬਾਰੇ ਸੋਚੇ ਕਿ ਉਸ ਨੂੰ ਕਿਸੇ ਦੂਸਰੇ ਨੇ ਮਨ੍ਹਾ ਕੀਤਾ ਹੋਇਆ ਹੈ। ਉਸ ਮਨਾਹੀ ਦਾ ਸਤਰ ਉਸਦੇ ਮਨ ਦੇ ਵਿੱਚ ਸਾਹਮਣੇ ਹੈ ਅਤੇ ਇਹ ਪਤਾ ਲੱਗਦਾ ਹੈ ਉਸਦੇ ਇਸ ਵਾਕ ਤੋਂ ਕਿ 'ਤੁਸੀਂ ਇਸ ਨੂੰ ਛੂਹਣਾ ਵੀ ਨਹੀ' ਇਹ ਉਸ ਨੇ ਪਰਮੇਸ਼ਰ ਦੀ ਮਨਾਹੀ ਨਾਲ ਜੋੜ ਦਿੱਤਾ ਸੀ" [11]

ਉਹ ਇਸ ਗੱਲ ਦੇ ਉੱਪਰ ਜੋਰ ਨਹੀ ਲਾਉਂਦੀ ਹੈ ਕਿ ਬਾਗ ਦੇ ਕਿਸੇ ਵੀ ਰੁੱਖ ਤੋਂ ਖਾਣ ਦੀ ਆਜ਼ਾਦੀ ਹੈ, ਪਰ ਉਸ ਨੇ ਸਿਰਫ ਇਹੀ ਕਿਹਾ, " ਅਸੀਂ ਬਾਗ ਦੇ ਰੁੱਖਾਂ ਦੇ ਫਲ ਖਾ ਸਕਦੇ ਹਾਂ" ਪਰਮੇਸ਼ਰ ਨੇ ਕਿਹਾ ਸੀ, "ਹਰ" ਇਹ ਸ਼ਬਦ ਉਸ ਦੀ ਖੁਲ ਦਿਲੀ ਤੇ ਪ੍ਰਭਾਵ ਪਾਉਂਦੀ ਹੈ। ਪਰ ਹਵਾ ਧਿਆਨ ਹੁਣ ਸਿਰਫ ਉਹ ਮਨਾਹੀ ਤੇ ਲਾ ਰਹੀ ਸੀ।

ਪਰਮੇਸ਼ਰ ਨੇ ਕਿਹਾ ਸੀ ਕਿ ਜਿਸ ਦਿਨ ਉਹ ਉਸ ਰੁੱਖ ਤੋਂ ਖਾਣਗੇ ਉਹ ਜਰੂਰ ਮਰ ਜਾਣਗੇ। ਹਵਾ ਇੱਥੇ ਆਖਦੀ ਹੈ ਕਿ "ਨਹੀਂ ਤਾਂ ਤੁਸੀ ਮਰ ਜਾਉਗੇ" ਰੇਮੰਡ ਇਸ ਤੇ ਲਿਖਦੇ ਹਨ, "ਇੱਕ ਵਾਰ ਫਿਰ ਤੋਂ ਉਸ ਨੂੰ ਇਹ ਗੱਲ ਯਾਦ ਕਰਵਾਈ ਗਈ ਸੀ ਕਿ ਉਨ੍ਹਾਂ ਨੂੰ ਮਨਾਹੀ ਹੈ, ਉਸ ਨੇ ਸ਼ਾਇਦ ਇਹ ਸੋਚਿਆ ਕਿ ਜੇਕਰ ਉਹ ਆਪਣੀ ਮਨਾਹੀ ਲਈ ਪਰਮੇਸ਼ਰ ਨੂੰ ਸ਼ੁੱਭ ਚਿੰਤਿਕ ਕਰਕੇ ਵਿਖਾਵਾਂਗੀ( ਨਹੀ ਤਾਂ ਤੁਸੀਂ ਮਰ ਜਾਉਗੇ) ਉਹ ਆਪਣੀ ਸੰਤੁਸਟੀ ਨੂੰ ਵਿਖਾ ਸਕਦੀ ਸੀ ਕਿ ਉਹ ਮਨਾਹੀ ਹੇਠ ਰਹਿ ਕੇ ਵੀ ਉਹ ਸੰਤੁਸਟ ਹਨ, ਉਹ ਇਸ ਤੀਸਰੇ ਪ੍ਰਾਣੀ ਦੇ ਸਾਹਮਣਾ ਆਪਣਾ ਮੂੰਹ ਬਚਾ ਸਕੇਗੀ, ਕਿ ਉਹ ਅਧਿਕਾਰ ਨਾਲ ਰਜ਼ਾਮੰਦ ਨਹੀ ਬਲਕਿ ਉਸ ਦਾ ਰਿਸ਼ਤਾ ਸ਼ੁੱਭ ਚਿੰਤਿਕ ਵਾਲੇ ਨਾਲ ਹੋਵੇਗਾ" [12]

ਇਹ ਇਵੇਂ ਸੀ ਕਿ ਜਿਵੇਂ ਉਹ ਕਹਿ ਰਹੀ ਸੀ ਕਿ ਪਰਮੇਸ਼ਰ ਨੇ ਇਹ ਉਨ੍ਹਾਂ ਦੀ ਭਲਿਆਈ ਦੇ ਵਾਸਤੇ ਕਿਹਾ। ਸ਼ੈਤਾਨ ਉਸ ਨੂੰ ਪਰੇਸ਼ਾਨ ਕਰ ਰਿਹਾ ਸੀ ਇਸੇ ਲਈ ਉਸ ਨੇ ਇਹ ਵਾਕ ਬਦਲ ਦਿੱਤਾ, "ਤੁਸੀਂ ਜਰੂਰ ਮਰ ਜਾਉਗੇ" ਅਤੇ ਇਸ ਨੂੰ ਬਣਾ ਦਿੱਤਾ, "ਨਹੀਂ ਤਾਂ ਤੁਸੀਂ ਮਰ ਜਾਉਗੇ"

**ਉਤਪਤ ੩:੪** ਅਤੇ ਸੱਪ ਨੇ ਔਰਤ ਨੂੰ ਕਿਹਾ, ਤੁਸੀਂ ਸੱਚਮੁੱਚ ਨਹੀ ਮਰੋਗੇ:

ਉਸ ਨੂੰ ਸ਼ੱਕ ਕਰਵਾਉਣ ਤੋਂ ਬਾਅਦ ਉਹ ਹੁਣ ਇੱਕ ਸਿੱਧੇ ਝੂਠ ਨੂੰ ਲੈ ਕੇ ਆਇਆ। ਉਹ ਅਸਲ ਵਿੱਚ ਇਹ ਕਹਿ ਰਿਹਾ ਸੀ, "ਨਹੀਂ" ਤੁਸੀਂ ਨਹੀ ਮਰੋਗੇ। ਸ਼ੈਤਾਨ ਉਸ ਦਿਨ ਤੋਂ ਮਨੁੱਖਤਾ ਨੂੰ ਇਹ ਸੁਝਾਅ ਦਿੰਦਾ ਆਇਆ ਹੈ ਕਿ ਬਿਵਸਥਾ ਦੇ ਅਧੀਨ ਰਹਿਣ ਦਾ ਅਰਥ ਹੈ ਆਪਣੇ ਨੂੰ ਪਰੇਸ਼ਾਨ ਕਰਨਾ। ਉਹ ਖੁਦ ਬਿਵਸਥਾਂ ਤੋਂ ਰਹਿਤ ਹੈ ਅਤੇ ਉਹ ਚਾਹੁੰਦਾ ਹੈ ਕਿ ਅਸੀਂ ਵੀ ਉਸ ਯੁੱਧ ਦੇ ਵਿੱਚ ਸ਼ਾਮਿਲ ਹੋ ਜਾਣ ਜੋ ਕਿ ਪਰਮੇਸ਼ਰ ਦੇ ਵਿਰੋਧ ਵਿੱਚ ਚੱਲ ਰਿਹਾ ਹੈ।

ਅਸਲ ਵਿੱਚ ਉਹ ਸੁਝਾਅ ਦੇ ਰਿਹਾ ਹੈ ਕਿ ਹਵਾ ਨੂੰ ਖੁਦ ਵਿੱਚ ਇੱਕ ਕਨੂੰਨ ਹੋਣਾ ਚਾਹੀਦਾ ਹੈ। ਡੋਨਲਡ ਮੈਕਲੋਇਡ ਇਸ ਗੱਲ ਨੂੰ ਦੱਸਦਾ ਹੈ ਕਿ ਮਨੁੱਖ ਨੂੰ ਕਿਸੇ ਹੋਰ ਦੇ ਕਨੂੰਨ ਦੇ ਅਧੀਨ ਰਹਿਣ ਦੀ ਜਰੂਰਤ ਸੀ ਅਤੇ ਉਹ ਸੀ ਪਰਮੇਸ਼ਰ ਦੇ ਕਨੂੰਨ ਦੇ। ਪਾਪ ਦਾ ਅਰਥ ਹੈ ਪਰਮੇਸ਼ਰ ਦੇ ਕਨੂੰਨ ਤੋਂ ਬਗੈਰ ਹੋਣਾ।[13]

**ਉਤਪਤ ੩:੫** ਕਿਉਂਕਿ ਪਰਮੇਸ਼ਰ ਜਾਣਦਾ ਹੈ ਕਿ ਜਿਸ ਦਿਨ ਤੁਸੀਂ ਇਸ ਫਲ ਨੂੰ ਖਾਉਗੇ ਤੁਹਾਡੀਆਂ ਅੱਖਾਂ ਖੁੱਲ ਜਾਣਗੀਆਂ। ਅਤੇ ਤੁਸੀਂ ਪਰਮੇਸ਼ਰ ਦੀ ਤਰ੍ਹਾਂ ਭਲੇ ਅਤੇ ਬੁਰੇ ਦੀ ਪਛਾਣ ਕਰਨ ਵਾਲੇ ਹੋ ਜਾਉਗੇ।

ਸ਼ੈਤਾਨ ਸਿੱਧਾ ਝੂਠ ਲੈ ਕੇ ਨਹੀ ਆਇਆ ਕਿਉਂਕਿ ਉਹ ਜਲਦੀ ਹੀ ਫੜਿਆ ਜਾ ਸਕਦਾ ਸੀ। ਉਸ ਨੇ ਧੋਖੇ ਨੂੰ ਵਰਤਿਆ। ਉਸ ਨੇ ਪਰਮੇਸ਼ਰ ਦੇ ਇਸ ਹੁਕਮ ਦੇ ਪਿੱਛੇ ਪਰਮੇਸ਼ਰ ਦੀ ਬੁਰੀ ਮਨਸ਼ਾ ਦੇ ਬਾਰੇ ਕਿਹਾ ਕਿ ਉਹ ਉਨ੍ਹਾਂ ਨੂੰ ਆਪਣੇ ਵਰਗੇ ਨਹੀ ਹੋਣ ਦੇਣਾ ਚਾਹੁੰਦਾ। ਸ਼ੈਤਾਨ ਇਸ ਹੱਦ ਤੱਕ ਕਹਿ ਰਿਹਾ ਸੀ ਕਿ ਅਯਆਗਿਆਕਾਰੀ ਉਨ੍ਹਾਂ ਨੂੰ ਇੱਕ ਗਿਆਨ ਲੈਣ ਦਾ ਰਾਹ ਦੇ ਦੇਵੇਗੀ ਕਿ ਉਹ ਪਰਮੇਸ਼ਰ ਦੀ ਤਰ੍ਹਾਂ ਹੋ ਜਾਣਗੇ। ਬਾਇਬਲ ਦੇ ਵਿੱਚ ਲਿਖਿਆ ਹੈ ਕਿ ਪਰਮੇਸ਼ਰ ਦੇ ਕਨੂੰਨ ਦੁੱਖ ਦੇਣ ਵਾਲੇ ਨਹੀ ਹਨ ਪਰ ਸ਼ੈਤਾਨ ਸੱਚਾਈ ਦੇ ਵਿਰੋਧ ਬੋਲਦਾ ਹੈ। ਪੁਰਾਣਾ ਅਨੁਵਾਦ "ਦੇਵਤੇ" ਸ਼ਬਦ ਵਰਤਦਾ ਹੈ ਜੋ ਕਿ ਸਹੀ ਨਹੀ ਹੈ, ਅਸਲ ਦੇ ਵਿੱਚ ਇਹ ਸ਼ਬਦ ਹੈ "ਪਰਮੇਸ਼ਰ"। ਯੰਗ ਲਿਖਦਾ ਹੈ:

> ਸ਼ੈਤਾਨ ਮਨੁੱਖ ਅਤੇ ਔਰਤ ਨੂੰ ਇਹ ਦੱਸਣ ਦੀ ਚਿੰਤਾ ਨਹੀ ਕਰ ਰਿਹਾ ਕਿ ਉਹ ਈਸ਼ਵਰੀ ਲੋਕ ਬਣ ਜਾਣਗੇ, ਉਹ ਤਾਂ ਪਰਮੇਸ਼ਰ ਦੀ ਭਲਿਆਈ ਦੀ ਵਿਰੋਧਤਾ ਕਰਨਾ ਚਾਹੁੰਦਾ ਹੈ। ਉਹ ਆਦਮ ਅਤੇ ਹਵਾ ਨੂੰ ਇਹ ਵਿਖਾਉਣਾ ਚਾਹੁੰਦਾ ਹੈ ਕਿ ਪਰਮੇਸ਼ਰ ਅਸਲ ਦੇ ਵਿੱਚ ਭਲਾ ਨਹੀ ਹੈ ਸਗੋਂ ਉਹ ਈਰਖਾ ਕਰਦਾ ਹੈ। ਜੇਕਰ ਉਹ ਖਾ ਲੈਣਗੇ, ਤਾਂ ਉਹ ਪਰਮੇਸ਼ਰ ਵਰਗੇ ਹੋ ਜਾਣਗੇ ਅਤੇ ਇਸ ਵਿੱਚ ਉਹ ਭਲੇ ਅਤੇ ਬੁਰੇ ਨੂੰ ਜਾਣ ਲੈਣਗੇ। ਇਸ ਰੋਸਨੀ ਦੇ ਵਿੱਚ ਫਲ ਦਾ ਖਾਣਾ ਪਰਮੇਸ਼ਰ ਦੀ ਵਿਰੋਧਤਾ ਦੇ ਵਿੱਚ ਜਾਣ ਲਈ ਬਣਾਇਆ ਗਿਆ ਅਤੇ ਜੋ ਦੁਸਟ ਦੇ ਸ਼ਬਦ ਸਨ ਉਹ ਇੱਕ ਤਸਵੀਰ ਬਣਾ ਰਹੇ ਸਨ ਕਿ ਪਰਮੇਸ਼ਰ ਈਰਖਾ ਕਰਨ ਵਾਲਾ ਹੈ ਕਿ ਕਿਤੇ ਆਦਮੀ ਅਤੇ ਔਰਤ ਉਸਦੇ ਵਰਗੇ ਨਾ ਬਣ ਜਾਣ।[14]

“ਭਲਾ ਅਤੇ ਬੁਰਾ” ਸ਼ਬਦ ਇਸ ਬਰਾਬਰ ਹੈ ਕਿ “ਸਭ ਕੁਝ” ਉਹ ਕਹਿ ਰਿਹਾ ਸੀ ਕਿ ਤੁਹਾਡੇ ਕੋਲ ਅਸੀਮ ਗਿਆਨ ਆ ਜਾਵੇਗਾ ਜੇਕਰ ਤੁਸੀਂ ਪਰਮੇਸ਼ਰ ਦੀਆਂ ਜੰਜੀਰਾਂ ਨੂੰ ਤੋੜ ਦੇਵੋਗੇ। ਇਹ ਉਸਦਾ ਮਨੁੱਖਾਂ ਦੇ ਲਈ ਲਗਾਤਾਰ ਵਾਇਦਾ ਹੈ। ਸਭ ਕਨੂੰਨ ਅਤੇ ਅਧਿਕਾਰ ਤੋੜ ਦਿਉ ਤੇ ਆਜ਼ਾਦ ਹੋ ਜਾਉ ਤਾਂ ਤੁਸੀਂ ਪਰਮੇਸ਼ਰ ਦੇ ਵਰਗੇ ਹੋ ਜਾਉਗੇ। ਸ਼ੈਤਾਨ ਉਸ ਰੁੱਖ ਨੂੰ ਵੀ ਕੁਝ ਜਾਦੂਮਈ ਤਾਕਤ ਪ੍ਰਦਾਨ ਕਰਦਾ ਹੈ, ਕਿਉਂਕਿ ਇਸ ਦਾ ਫਲ ਖਾਣਾ ਤੁਹਾਡੇ ਲਈ ਗਿਆਨ ਲੈ ਕੇ ਆਵੇਗਾ। ਅਸਲ ਦੇ ਵਿੱਚ ਪ੍ਰਾਚੀਨ ਕਹਾਣੀਆਂ ਜੋ ਕਿ ਉਤਪਤ ਤਿੰਨ ਅਧਿਆਏ ਦੇ ਨਾਲ ਜੁੜੀਆਂ ਹਨ ਉਹ ਉਸ ਦਰਖਤ ਦੇ ਵਿੱਚ ਜਾਦੂਮਈ ਤਾਕਤ ਦੇ ਬਾਰੇ ਵਿੱਚ ਬਿਆਨ ਕਰਦੀਆਂ ਹਨ।

ਇਵੇਂ ਲੱਗਦਾ ਹੈ ਕਿ ਸ਼ੈਤਾਨ ਚਾਹੁੰਦਾ ਹੈ ਕਿ ਉਹ ਸੱਚਾਈ ਨੂੰ ਆਪਣੇ ਹੀ ਵਿਗਿਆਨੀ ਤਜਰਬੇ ਨਾਲ ਤੋਲ ਕੇ ਵੇਖਣ ਕਿ ਕੀ ਸੱਚ ਹੈ ਅਤੇ ਕੀ ਝੂਠ ਹੈ। ਇਹ ਅਸੰਭਵ ਹੈ ਕਿ ਹਵਾ ਨਿਰਪੱਖ ਰਹੀ ਹੋਵੇਗੀ ਕਿਉਂਕਿ ਜਿਸ ਵੇਲੇ ਉਸ ਨੇ ਖਾਧਾ ਉਸ ਨੇ ਇਹ ਦਿਖਾ ਦਿੱਤਾ ਕਿ ਉਸ ਨੇ ਸ਼ੈਤਾਨ ਤੇ ਵਿਸ਼ਵਾਸ ਕਰ ਲਿਆ ਹੈ। ਜੇਕਰ ਉਹ ਸੱਚਮੁੱਚ ਵਿਸ਼ਵਾਸ ਕਰਦੀ ਹੁੰਦੀ ਕਿ ਇਸ ਦੇ ਦੁਆਰਾ ਮੌਤ ਆਵੇਗੀ ਤਾਂ ਉਹ ਯਕੀਨਨ ਤੋਰ ਤੇ ਉਸ ਫਲ ਨੂੰ ਨਾ ਖਾਂਦੀ।

ਹਰਮਨ ਬੈਵਨਿਕ ਵਿਸ਼ਵਾਸ ਕਰਦਾ ਹੈ ਕਿ ਪਰਤਾਵਾ ਸਿਰਫ ਇਸ ਗੱਲ ਦਾ ਨਹੀ ਸੀ ਕਿ ਉਹ ਗਿਆਨ ਦੀ ਪ੍ਰਾਪਤੀ ਕਰਨਗੇ ਪਰ ਪਰਤਾਵਾ ਇਸ ਗੱਲ ਦਾ ਸੀ ਕਿ ਉਹ ਕਿਸ ਤਰੀਕੇ ਦੇ ਨਾਲ ਇਸ ਨੂੰ ਪ੍ਰਾਪਤ ਕਰਨਗੇ। ਉਹ ਲਿਖਦਾ ਹੈ:
ਉਤਪਤ ਤਿੰਨ ਦੇ ਵਿੱਚ ਮੁੱਖ ਮੁੱਦਾ ਗਿਆਨ ਦੀ ਪ੍ਰਾਪਤੀ ਅਣਆਗਿਆਕਾਰੀ ਦੇ ਕਰਕੇ ਨਹੀ ਸੀ ਪਰ ਮੁੱਦਾ ਇਹ ਸੀ ਕਿ ਉਹ ਇਸ ਨੂੰ ਕਿਸ ਤਰੀਕੇ ਨਾਲ ਲੈਣਗੇ। ਜੋ ਭਲੇ ਅਤੇ ਬੁਰੇ ਦੇ ਗਿਆਨ ਨੂੰ ਇਸ ਥਾਂ ਤੇ ਜਿਸ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ ਉਹ ਹੈ ਇਸਦੇ ਪਰਿਣਾਮ ਸਰੂਪ ਮਨੁੱਖ ਪਰਮੇਸ਼ਰ ਦੀ ਤਰ੍ਹਾਂ ਹੋ ਜਾਣਗੇ। (ਉਤਪਤ 3:5,22) ਪਰਮੇਸ਼ਰ ਦੇ ਹੁਕਮ ਨੂੰ ਤੋੜ ਕੇ ਅਤੇ ਉਸ ਫਲ ਨੂੰ ਖਾ ਕੇ ਉਹ ਆਪਣੇ ਆਪ ਨੂੰ ਇਸ ਤਰੀਕੇ ਦਾ ਨਾਲ ਪਰਮੇਸ਼ਰ ਦੇ ਵਰਗਾ ਬਣਾ ਦੇਣਗੇ ਕਿ ਉਹ ਆਪਣੇ ਆਪ ਨੂੰ ਪਰਮੇਸ਼ਰ ਦੇ ਕਨੂੰਨ ਦੇ ਬਾਹਰ ਅਤੇ ਉੱਪਰ ਰੱਖ ਲੈਣਗੇ ਅਤੇ ਉਹ ਆਪਣੇ ਆਪ ਨੂੰ ਪਰਮੇਸ਼ਰ ਦੇ ਤੁੱਲ ਬਣਾ ਕੇ ਖੁੱਦ ਇਸ ਗੱਲ ਦਾ ਨਿਆਂ ਕਰਨਗੇ ਕਿ ਭਲਾ ਅਤੇ ਬੁਰਾ ਕੀ ਹੈ। ਭਲੇ ਅਤੇ ਬੁਰੇ ਦਾ ਗਿਆਨ ਚੰਗੀਆਂ ਚੀਜਾਂ ਅਤੇ ਨੁਕਸਾਨਦੇਹ ਚੀਜਾਂ ਵਿਚਲਾ ਫਰਕ ਨਹੀ ਹੈ, ਜੋ ਕਿ ਸੰਸਾਰ ਦੀਆਂ ਹਨ ਅਤੇ ਇੰਨਾਂ ਨੂੰ ਕਿਵੇਂ ਨਿਅੰਤਰਣ ਵਿੱਚ ਰੱਖਣਾ ਹੈ ਪਰ (ਜਿਵੇਂ ਕਿ 2 ਸੈਮ 19:36, ਯਸਾਯਹ 7:16 ਵਿੱਚ) ਇਹ ਹੱਕ ਅਤੇ ਯੋਗਤਾ ਹੈ ਕਿ ਉਹ ਆਪਣੇ ਆਪ ਦੇ ਦੁਆਰਾ ਭਲਿਆਈ ਅਤੇ ਬੁਰਿਆਈ ਦੇ ਵਿੱਚ ਫਰਕ ਵੇਖਣਗੇ।15

ਪਰਮੇਸ਼ਰ ਅਨੁਭਵ ਦੇ ਤੋਰ ਤੇ ਬੁਰਿਆਈ ਅਤੇ ਭਲਿਆਈ ਨੂੰ ਨਹੀ ਜਾਣਦਾ ਹੈ ਜਿਵੇਂ ਕਿ ਆਦਮ ਅਤੇ ਹਵਾ ਨੇ ਅਨੁਭਵ ਕਰਕੇ ਇਸ ਨੂੰ ਜਾਣਿਆ। ਮੈਂ ਬੈਵਨਿਕ ਦੇ ਨਾਲ ਸਹਿਮਤ ਹਾਂ ਕਿ ਇਹ ਗਿਆਨ ਨਹੀ ਸੀ ਜੋ ਕਿ ਉਨ੍ਹਾਂ ਨੇ ਪ੍ਰਾਪਤ ਕੀਤਾ ਪਰ ਕਿਸ ਤਰੀਕੇ ਦੇ ਨਾਲ ਪ੍ਰਾਪਤ ਕੀਤਾ, ਇਸ ਤੋਂ ਪਰਤਾਵਾ ਬਣਿਆ। ਉਹ ਪਰਮੇਸ਼ਰ ਦੇ ਕਨੂੰਨਾਂ ਦੇ ਅਧੀਨ ਨਹੀ ਸੀ ਰਹਿਣਾ ਚਾਹੁੰਦੇ ਉਹ ਆਪਣੇ ਆਪਣੇ ਆਪ ਵਿੱਚ ਇੱਕ ਕਨੂੰਨ ਬਣਨਾ ਚਾਹੁੰਦੇ ਸਨ। ਉਹ ਜਲਦੀ ਹੀ ਇਸ ਦੀ ਅਸੰਭਵਤਾ ਨੂੰ  ਜਾਨਣ ਵਾਲੇ ਸਨ। ਕਿਉਂਕਿ ਉਹ ਪਰਮੇਸ਼ਰ ਦੇ ਸੰਸਾਰ ਵਿੱਚ ਰਹਿੰਦੇ ਹਨ ਅਤੇ ਉਸਦੇ ਪ੍ਰਯੋਜਨ ਦੇ ਅਧੀਨ ਰਹਿੰਦੇ ਹਨ।

**ਉਤਪਤ ੩:੬** ਅਤੇ ਜਦ ਔਰਤ ਨੇ ਵੇਖਿਆ ਕਿ ਫਲ ਖਾਣ ਵਿੱਚ ਵਧੀਆ ਹੈ ਅਤੇ ਉਸਦੀਆਂ ਅੱਖਾਂ ਦੇ ਲਈ ਸੁਹਾਵਨਾ ਹੈ. ਅਤੇ ਇਹ ਫਲ ਸਿਆਣੇ ਬਣਾ ਸਕਦਾ ਹੈ ਅਤੇ ਉਸ ਨੇ ਇਸ ਲਈ ਫਲ ਲਿਆ ਅਤੇ ਉਸ ਨੂੰ ਖਾ ਲਿਆ ਅਤੇ ਉਸ ਨੇ ਆਪਣੇ ਪਤੀ ਨੂੰ ਵੀ ਦਿੱਤਾ ਅਤੇ ਉਸ ਨੇ ਵੀ ਖਾ ਲਿਆ।

ਉਹ ਮਨ੍ਹਾਂ ਕੀਤਾ ਹੋਇਆ ਰੁੱਖ ਜੋ ਕਿ ਸਾਧਾਰਣ ਰੁੱਖ ਸੀ ਜਿਸ ਨੂੰ ਪਰਮੇਸ਼ਰ ਨੇ ਆਦਮ ਨੂੰ ਪਰਖਣ ਵਾਸਤੇ ਅਲੱਗ ਕੀਤਾ ਸੀ, ਹੁਣ ਉਹ ਵਹਿਮ ਦੇ ਤੋਰ ਤੇ ਵੇਖਿਆ ਜਾਣਾ ਸ਼ੁਰੂ ਹੋ ਗਿਆ। ਇਹ ਵਧੀਆ ਸੀ, ਅਤੇ ਕਿਸੇ ਵੀ ਦੂਸਰੇ ਰੁੱਖ ਦੀ ਤਰ੍ਹਾਂ ਇਹ ਅੱਖਾਂ ਦੇ ਲਈ ਸੁਹਾਵਨਾ ਅਤੇ ਖਾਣ ਲਈ ਚੰਗਾ ਸੀ ਜਿਵੇਂ ਕਿ ਦੂਸਰਿਆਂ ਰੁੱਖਾਂ ਦੇ ਬਾਰੇ ਵਿੱਚ ਕਿਹਾ ਗਿਆ ਸੀ। (ਉਤਪਤ 2:9) ਹੁਣ ਹਵਾ ਨੇ ਉਸ ਨੂੰ ਵੇਖਿਆ ਕਿ ਇਸ ਵਿੱਚ ਜਾਦੂਮਈ ਤਾਕਤਾਂ ਹਨ ਕਿਉਂਕਿ ਸ਼ੈਤਾਨ ਨੇ ਇਹ ਸਾਲਾਹ ਦਿੱਤੀ ਸੀ। ਉਸ ਨੇ ਵੇਖਿਆ ਕਿ ਰੁੱਖ ਸਿਰਫ ਚੰਗਾ ਹੀ ਨਹੀ ਸੀ ਅਤੇ ਸੁਹਾਵਣਾ ਹੀ ਨਹੀ ਸੀ, ਪਰ ਇਹ ਕਿਸੇ ਨੂੰ ਸਿਆਣਾ ਵੀ ਬਣਾ ਸਕਦਾ ਸੀ। ਇਸ ਤੋਂ ਬਾਅਦ ਸਭ ਤੋਂ ਦੁੱਖਦਾਈ ਸ਼ਬਦ ਪੜੋ, "ਉਸ ਨੇ ਉਹ ਫਲ ਇਸ ਲਈ ਲੈ ਲਿਆ ਅਤੇ ਖਾ ਲਿਆ, ਅਤੇ ਉਸ ਨੇ ਉਹ ਆਪਣੇ ਪਤੀ ਨੂੰ ਵੀ ਦਿੱਤਾ ਅਤੇ ਉਸਨੇ ਵੀ ਖਾਧਾ"

ਆਦਮ ਅਤੇ ਹਵਾ ਬੁਰੇ ਅਤੇ ਭਲੇ ਨੂੰ ਪਹਿਲਾਂ ਤੋਂ ਹੀ ਜਾਣਦੇ ਸਨ। ਪਰਮੇਸ਼ਰ ਦੇ ਵਚਨ ਦੇ ਉੱਪਰ ਵਿਸ਼ਵਾਸ ਕਰਨ ਦੇ ਦੁਆਰਾ ਉਹ ਜਾਣਦੇ ਸਨ ਕਿ ਪਰਮੇਸ਼ਰ ਦੇ ਹੁਕਮਾਂ ਨੂੰ ਮੰਨਣਾਂ ਚੰਗੀ ਗੱਲ ਹੈ, ਅਤੇ ਜੋ ਕੁਝ ਵੀ ਪਰਮੇਸ਼ਰ ਦੇ ਵਚਨ ਦੇ ਵਿਰੋਧ ਵਿੱਚ ਹੈ ਉਹ ਬੁਰਾ ਹੈ। ਉਹ ਇਸ ਦਾ ਅਨੁਭਵ ਕਰਨਾ ਚਾਹੁੰਦੇ ਸਨ, ਪਰ ਇੱਕ ਵਾਰ ਜਦ ਉਨ੍ਹਾਂ ਨੇ ਇਹ ਕੀਤਾ, ਉਨ੍ਹਾਂ ਨੂੰ ਪਤਾ ਲੱਗਾ ਕਿ ਉਹ ਸੱਚਮੁੱਚ ਹੀ ਬੁਰਿਆਈ ਨੂੰ ਅਨੁਭਵ ਦੇ ਨਾਲ ਜਾਣਦੇ ਹਨ। ਅਤੇ ਉਹ ਭਲਾਈ ਨੂੰ ਜਾਣਦੇ ਹਨ ਪਰ ਉਹ ਇਸ ਨੂੰ ਹੁਣ ਕਰ ਨਹੀ ਸਕਦੇ ਹਨ।
ਜਿਵੇਂ ਜੇ ਗਰਿਸ਼ਮ ਮੇਕੇਨ ਨੇ ਕਿਹਾ ਹੈ, "ਹੁਣ ਆਦਮ ਭਲਾ ਅਤੇ ਬੁਰਾ ਜਾਣਦਾ ਸੀ, ਪਰ ਦੁੱਖ ਦੀ ਗੱਲ ਇਹ ਹੈ ਕਿ ਉਹ ਭਲਾਈ ਨੂੰ ਸਿਰਫ ਸੋਚ ਵਿੱਚ ਹੀ ਜਾਣਦਾ ਸੀ, ਪਰ ਜਿੱਥੋਂ ਤੱਕ ਉਸ ਦਾ ਅਨੁਭਵ ਸੀ; ਅਤੇ ਜੋ ਬੁਰਾਈ ਨੂੰ ਉਹ

ਜਾਣਦਾ ਸੀ ਉਸ ਨੂੰ ਉਹ ਸਦੀਪਕਤਾ ਨੁਕਸਾਨ ਵਾਸਤੇ ਜਾਣਦਾ ਸੀ। ਮਾਸੂਮੀਅਤ ਦੂਸਰੇ ਸ਼ਬਦਾਂ ਵਿੱਚ ਹੁਣ ਚਲੀ ਗਈ ਸੀ।16

ਇਸ ਤੋਂ ਪਹਿਲਾਂ ਕਿ ਅਸੀਂ ਵੇਖੀਏ ਕਿ ਪਰਮੇਸ਼ਰ ਨੇ ਸਾਡੇ ਮਾਤਾ ਪਿਤਾ ਦੇ ਨਾਲ ਕਿਵੇਂ ਵਿਵਹਾਰ ਕੀਤਾ, ਹੋਰ ਵੀ ਬਹੁਤ ਸਾਰੇ ਪ੍ਰਸ਼ਨ ਹਨ ਜੋ ਕਿ ਇਸ ਅਧਿਆਏ ਦੇ ਵਿੱਚ ਹਨ। ਪਹਿਲਾ ਕੀ ਪਾਪ ਮਨੁੱਖ ਤੋਂ ਸ਼ੁਰੂ ਹੋਇਆ? ਨਹੀਂ ਪਾਪ ਪਹਿਲਾਂ ਆਤਮਿਕ ਸੰਸਾਰ ਦੇ ਵਿੱਚ ਸ਼ੁਰੂ ਹੋਇਆ, ਜਿੱਥੇ ਸਵਰਗ ਦੂਤਾਂ ਨੇ ਪਰਮੇਰ ਦਾ ਵਿਰੋਧ ਕੀਤਾ। ਦੂਸਰੀ ਗੱਲ ਕੀ ਸ਼ੈਤਾਨ ਨੇ ਆਦਮ ਅਤੇ ਹਵਾ ਤੋਂ ਪਾਪ ਕਰਵਾਇਆ? ਨਹੀਂ। ਜੋਹਨ ਮੂਰੀ  ਲਿਖਦਾ ਹੈ,

"ਸ਼ੈਤਾਨ ਨੇ ਮਨੁੱਖ ਨੂੰ ਪਰਤਾਇਆ; ਇਹ ਪਰਤਾਵਾ ਮਨੁੱਖ ਦੇ ਡਿੱਗਣ ਦੀ ਘਟਨਾ ਬਣ ਗਿਆ। ਪਰ ਇਹ ਕਾਰਣ ਨਹੀ ਸੀ। ਕੋਈ ਵੀ ਬਾਹਰ ਦੀ ਤਾਕਤ ਜਾਂ ਪ੍ਰਭਾਵ ਇੱਕ ਵਿਅਕਤੀ ਨੂੰ ਪਾਪ ਵਿੱਚ ਨਹੀ ਸੁੱਟ ਸਕਦੀ ਹੈ। ਸ਼ੈਤਾਨ ਦਾ ਪਰਤਾਵੇ ਨੇ ਆਦਮ ਨੂੰ ਪਾਪ ਨਹੀ ਕਰਵਾਇਆ। ਇਸ ਸੁਝਾਅ ਦੇ ਵਿੱਚ ਕੋਈ ਦਬਾਅ ਨਹੀ ਸੀ, ਨਾ ਹੀ ਇਸ ਦੇ ਵਿੱਚ ਕੋਈ ਤਰਸ ਵਾਲਾ ਮਨੋਰੰਜਨ ਸੀ। ਸ਼ੈਤਾਨ ਨੇ ਦੋਸ਼ ਨੂੰ ਪਾਪ ਦੇ ਨਾਲ ਲਿਆਂਦਾ, ਪਰ ਇਹ ਸ਼ੈਤਾਨ ਨਹੀ ਸੀ ਜਿਸ ਨੇ ਫਲ ਨੂੰ ਖਾਧਾ"17

ਪੋਲੁਸ ਦੱਸਦਾ ਹੈ ਕਿ ਹਵਾ ਨੇ ਭਰਮਾਈ ਗਈ ਕਿਉਂਕਿ ਉਹ ਸੀ ਜਿਸ ਨੇ ਫਲ਼ ਦੇ ਬਾਰੇ ਵਿੱਚ ਸ਼ੈਤਾਨ ਦੇ ਝੂਠ ਤੇ ਵਿਸ਼ਵਾਸ ਕੀਤਾ ਸੀ। (1 ਤਿਮੋ 2:13,14; 2 ਕੁਰਿੰ 11:3) ਆਦਮ ਨਹੀ ਸੀ ਭਰਮਾਇਆ ਗਿਆ, ਪਰ ਉਸ ਨੇ ਖੁੱਲੀਆਂ ਅੱਖਾਂ ਦੇ ਨਾਲ ਜਾਣਬੁੱਝ ਕੇ ਆਪਣੀ ਪਤਨੀ ਦੀ ਸੁਣ ਕੇ ਇਹ ਕੀਤਾ ਸੀ।

ਤੀਸਰੀ ਗੱਲ, ਕਿਉਂ ਲੋਕ ਇਹ ਮੰਨਦੇ ਹਨ ਕਿ ਉਹ ਰੁੱਖ ਸੇਬ ਦਾ ਰੁੱਖ ਸੀ? ਈਜੇ ਜੰਗ ਇਸ ਦਾ ਵਿਵਰਣ ਦਿੰਦਾ ਹੈ, "ਪੁਰਾਣੀ ਗੀਤ ਕਿ ਉਹ ਫਲ ਸੇਬ ਦਾ ਫਲ਼ ਸੀ ਉਹ ਉਸ ਗੜਬੜੀ ਤੋਂ ਪੈਦਾ ਹੋਇਆ ਹੈ ਜੋ ਕਿ ਲੈਟਿਨ ਦੇ ਸ਼ਬਦ *ਮੈਲਮ* (ਸੇਬ) ਲੈਟਿਰਨ ਭਾਸ਼ਾ ਦੇ ਸ਼ਬਦ *ਮੈਲਿਸ* (ਬੁਰਾਈ) ਵਰਗਾ ਹੈ ਕਿਉਂਕਿ ਦੋਹਾਂ ਸ਼ਬਦਾਂ ਦਾ ਪਹਿਲਾ ਹਿੱਸਾ ਮਾਲੀ ਸ਼ਬਦ ਤੋਂ ਸ਼ੁਰੂ ਹੁੰਦਾ ਹੈ" 18

ਚੋਥੀ ਗੱਲ ਪਾਪ ਦੀ ਵਿਆਖਿਆ ਇਸ ਤਰਾਂ ਕੀਤੀ ਗਈ ਹੈ ਕਿ ਉਹ ਸਾਡੇ ਹੇਠਲੇ ਅੰਗਾਂ ਦੂਸ਼ਰੇ ਸ਼ਬਦਾਂ ਵਿੱਚ ਸਾਡੀ ਕਾਮੁਕ ਭੁੱਖ ਨਾਲ ਸਬੰਧਤ ਹੈ? ਜੇਕਰ ਇਹ ਸਹੀ ਹੁੰਦਾ ਤਾਂ ਆਤਮਾਵਾਂ ਕਦੇ ਵੀ ਪਾਪ ਨਾ ਕਰ ਪਾਉਂਦੀਆਂ, ਕਿਉਂਕਿ ਉਨ੍ਹਾਂ ਦੀ ਦੇਹ ਨਹੀ ਹੁੰਦੀ ਹੈ। ਇਹ ਇੱਕ ਗੈਰ ਜਾਤੀ ਵਿਸ਼ਵਾਸ ਸੀ ਕਿ ਦੇਹ ਪ੍ਰਾਣ ਦੀ ਕੈਦ ਹੈ, ਅਤੇ ਮੁਕਤੀ ਦਾ ਅਰਥ ਹੈ ਕਿ ਅਸੀਂ ਸਭ ਪ੍ਰਕਾਰ ਦੇ ਭੁੱਖ ਤੋਂ ਆਜ਼ਾਦ ਹੋਈਏ। ਕਲੀਸੀਆਂ ਦੇ ਵਿੱਚ ਇਹ ਸਾਨੂੰ ਤਿਆਗਵਾਦ ਦੀ ਵੱਲ ਲੈ ਕੇ ਜਾਂਦੀਆਂ ਹਨ। ਪਰ ਇੱਕ ਵਿਅਕਤੀ ਖਾਣੇ ਅਤੇ ਪੀਣ ਵਾਲੀਆਂ ਚੀਜਾਂ ਦਾ ਤਿਆਗ ਕਰ ਕੇ ਪਾਪ ਤੋਂ ਨਹੀ ਛੁਡਾਇਆ ਗਿਆ। ਪਾਪ ਦਾ ਅਰਥ ਹੈ ਕਿ ਪਰਮੇਸ਼ਰ ਦੇ ਹੁਕਮ ਦੀ ਉਲੰਘਣਾ ਕਰਨਾ। ਪਰਮੇਸ਼ਰ ਨੇ ਕਿਹਾ ਸੀ, "ਤੁਸੀਂ ਇਸ ਰੁੱਖ ਤੋਂ ਨਹੀ

ਖਾਣਾ" ਅਤੇ ਆਦਮ ਅਤੇ ਹਵਾ ਨੇ ਉਲੰਘਣਾ ਕਰ ਦਿੱਤੀ।

ਪੰਜਵੀਂ ਗੱਲ ਕੀ ਬੁਰਾਈ ਭਲਾਈ ਦੇ ਲਈ ਹੋਣੀ ਜਰੂਰੀ ਸੀ। ਨਹੀਂ। ਮੈਕਮ ਇਸ ਸਵਾਲ ਨੂੰ ਇਸ ਤਰੀਕੇ ਦੇ ਨਾਲ ਰੱਖਦਾ ਹੈ, "ਕੀ ਭਲਿਆਈ ਇਸ ਲਈ ਭਲੀ ਹੈ ਕਿਉਂਕਿ ਭਲਿਆਈ ਇੰਨੀ ਉੱਚੀ ਹੈ ਕਿ ਕਦੇ ਵੀ ਬੁਰਿਆਈ ਦਾ ਕੋਈ ਗਿਆਨ ਨਹੀ ਰਿਹਾ ਹੈ? ਜਾਂ ਫਿਰ ਭਲਿਆਈ ਹਾਲੇ ਵੀ ਉੱਚੀ ਹੈ ਅਤੇ ਇਹ ਆਪਣੇ ਆਪ ਨੂੰ ਬੁਰਿਆਈ ਦੇ ਸਾਹਮਣੇ ਉੱਚਾ ਕਰਦੀ ਰਹੀ ਹੈ?" ਉਹ ਆਪਣੇ ਹੀ ਪ੍ਰਸ਼ਨ ਦਾ ਉੱਤਰ ਦਿੰਦਾ ਹੋਇਆ ਕਹਿੰਦਾ ਹੈ, "......ਜੇਕਰ ਬੁਰਿਆਈ ਭਲਿਆਈ ਲਈ ਜਰੂਰੀ ਹੈ ਤਾਂ ਬੁਰਆਿਾਈ ਨੂੰ ਸਾਨੂੰ ਇਸ ਤਰੀਕੇ ਨਾਲ ਲੈਣਾ ਪਵੇਗਾ ਕਿ ਉਸ ਦੀ ਜਗ੍ਹਾ ਪਰਮੇਸ਼ਰ ਦੇ ਵਿੱਚ ਸ੍ਰਿਸਟੀ ਦੇ ਰਚੇ ਜਾਣ ਤੋਂ ਪਹਿਲਾਂ ਤੋਂ ਸੀ; ਅਤੇ ਇਹ ਕਹਿਣਾ ਪੂਰੀ ਤਰਾਂ ਪਰਮੇਸ਼ਰ ਦੀ ਨਿੰਦਾ ਕਰਨੀ ਹੋਵੇਗੀ। ....ਪਰ ਮੈਂ ਇਹ ਸੋਚਦਾ ਹਾਂ ਕਿ ਮਨੁੱਖ ਜਦ ਅਸਲ ਵਿੱਚ ਰਚਿਆ ਗਿਆ ਉਸ ਵੇਲੇ ਬੁਰਾਈ ਰਚੀਆਂ ਹੋਈਆਂ ਚੀਜਾਂ ਦੇ ਸੰਸਾਰ ਵਿੱਚ ਪਹਿਲਾਂ ਤੋਂ ਸੀ, ਉਸਦੇ ਲਈ ਉਸਦੀ ਮਸੂਮੀਅਤ ਜਿਸਦੇ ਵਿੱਚ ਉਹ ਬਣਾਇਆ ਗਿਆ ਸੀ, ਪਰਤਾਵੇ ਨੂੰ ਰੋਕਣਾ ਉਸ ਦੇ ਲਈ ਉਹ ਰਾਹ ਸੀ ਜਿਸ ਦੁਆਰਾ ਉਹ ਉੱਚੀ ਸਿੱਧਤਾ ਵੱਲ ਜਾ ਸਕਦਾ ਸੀ"[19]

ਬੁਰਾਈ ਭਲਿਆਈ ਤੋਂ ਬਿਨਾਂ ਨਹੀ ਹੋ ਸਕਦੀ, ਕਿਉਂਕਿ ਇਹ ਭਲਿਆਈ ਦੀ ਭ੍ਰਿਸਟਤਾ ਹੈ। ਇਹੀ ਕਾਰਣ ਹੈ ਕਿ ਬੁਰਾਈ ਨੂੰ ਹਮੇਸ਼ਾਂ ਸੱਚ ਦਾ ਲਿਬਾਸ ਪਹਿਨ ਕੇ ਆਉਣਾ ਪੈਂਦਾ ਹੈ। ਸ਼ੈਤਾਨ ਭਰਮਾਉਣ ਲਈ ਚਾਨਣ ਦਾ ਦੂਤ ਬਣ ਕੇ ਆਉਂਦਾ ਹੈ। ਆਪਣੀ ਬੁੱਧ ਵਿੱਚ ਪਰਮੇਸ਼ਰ ਨੇ ਬੁਰਾਈ ਨੂੰ ਹੋਣ ਦਿੱਤਾ ਕਿਉਂਕਿ ਅਖੀਰ ਵਿੱਚ ਉਸਦੀ ਸਿਆਣਪ ਦੇ ਵਿੱਚ ਇਸ ਦੁਆਰਾ ਵੀ ਉਸਦੀ ਮਹਿਮਾ ਹੋਵੇ। ਜਦ ਮਨੁੱਖ ਨੇ ਜਾਂ ਦੂਤਾਂ ਨੇ ਪਾਪ ਕੀਤਾ ਤਾਂ ਪਰਮੇਸ਼ਰ ਲਈ ਇਹ ਕੋਈ ਬਹੁਤ ਹੈਰਾਨੀਜਨਕ ਗੱਲ ਨਹੀ ਸੀ।

ਛੇਵੀ ਗੱਲ, ਪਹਿਲਾ ਪਾਪ ਮਨੁੱਖ ਨੇ ਕਦ ਕੀਤਾ ਸੀ? ਇਹ ਉਸ ਸਮੇਂ ਨਹੀ ਸੀ ਜਦ ਉਨ੍ਹਾਂ ਨੇ ਫਲ ਖਾਧਾ ਲੇਕਿਨ ਇਹ ਉਸ ਵੇਲੇ ਸੀ ਜਦ ਉਨ੍ਹਾਂ ਨੇ ਸ਼ੈਤਾਨ ਦੇ ਝੂਠ ਤੇ ਵਿਸ਼ਵਾਸ ਕੀਤਾ। ਉਨ੍ਹਾਂ ਦਾ ਫਲ ਖਾਣਾ ਪ੍ਰਗਟਾਵਾ ਸੀ ਕਿ ਉਨ੍ਹਾਂ ਦੇ ਦਿਲ ਬਦਲ ਗਏ ਹਨ। ਜੇਮਸ ਫਿਸ਼ਰ ਜਦ ਵੈਸਟ ਮਨਿਸਟਰ ਧਾਰਮਕਿ ਪ੍ਰਸ਼ਨਾਂ ਦਾ ਵਿਖਾਨ ਕਰਦੇ ਹੋਏ ਕਹਿੰਦੇ ਹਨ ਕਿ ਇਹ ਪਾਪ ਇੰਨਾਂ ਭਿਆਨਕ ਇਸ ਲਈ ਹੋਇਆ "ਜਦ ਸਮਰਪਣ ਵਿੱਚ ਮਨੁੱਖ ਕੋਲ ਆਪਣੀ ਸਮਝ ਦਾ ਪੂਰਾ ਚਾਨਣ ਸੀ, ਉਸ ਦੇ ਦਿਲ ਵਿੱਚ ਪਰਮੇਸ਼ਰ ਦੀ ਸਪੱਸ਼ਟ ਬਿਵਸਥਾ ਸੀ, ਜਦ ਉਸਦੀ ਮਰਜ਼ੀ ਵਿੱਚ ਕੋਈ ਗਲਤ ਗੱਲ ਨਹੀ ਨਹੀ ਸੀ, ਪਰ ਉਹ ਆਜ਼ਾਦੀ ਦਾ ਅਨੰਦ ਮਾਣ ਰਿਹਾ ਸੀ, ਜਦ ਉਸਦੇ ਕੋਲ ਵੈਰੀ ਨੂੰ ਰੋਕਣ ਵਾਸਤੇ ਕਿਰਪਾ ਦਾ ਪੂਰਾ ਭੰਡਾਰ ਸੀ, ਜਦ ਉਹ ਸਮਰਪਿਤ ਸੀ ਜਦ ਪਰਮੇਸ਼ਰ ਨੇ ਉਸ ਨਾਲ ਵਾਚਾ ਬੰਨ ਲਈ ਸੀ ਅਤੇ ਉਸ ਨੂੰ ਚੇਤਾਵਨੀ ਦਿੱਤੀ ਸੀ ਕਿ ਇਸ ਫਲ ਨੂੰ ਖਾਣ ਦਾ ਖਤਰਾ ਕੀ ਹੋਵੇਗਾ"[20]

ਅਖੀਰ ਵਿੱਚ ਅਕਸਰ ਇਹ ਪ੍ਰਸ਼ਨ ਉੱਠਦਾ ਹੈ, "ਕੀ ਹੁੰਦਾ ਜੇਕਰ ਆਦਮ ਹਵਾ ਦ ੇਪਿੱਛੇ ਲਗ ਕੇ ਫਲ ਨਾ ਖਾਂਦਾ?" ਰੇਮੰਡ ਕਹਿੰਦਾ ਹੈ ਕਿ ਸਾਨੂੰ ਇਹੋ ਜਿਹੇ ਅੰਦਾਜੇ ਲਗਾ ਕੇ ਨਹੀ ਵੇਖਣੇ ਚਾਹੀਦੇ ਹਨ ਕਿਉਂਕਿ ਇਹੋ ਜਿਹਾ ਕੋਈ ਸਮਾਂ ਨਹੀ ਸੀ ਜਦ ਹਵਾ ਪਾਪਣ ਸੀ ਅਤੇ ਆਦਮ ਪਾਪ ਤੋਂ ਰਹਿਤ ਸੀ। ਉਹ ਉਸਦੇ ਨਾਲ ਸੀ, ਅਤੇ ਉਹ ਵੀ ਪਾਪ ਦਾ ਦੋਸ਼ੀ ਸੀ। ਕਿਉਂਕਿ ਉਸ ਨੇ ਇਹ ਖੁੱਲੀਆਂ ਅੱਖਾਂ ਨਾਲ ਕੀਤਾ ਅਤੇ ਹਵਾ ਬਾਰੇ ਅਸੀਂ ਜਾਣਦੇ ਹਾਂ ਕਿ ਉਹ ਭਰਮਾਈ ਗਈ। (1 ਤਿਮੋ 2:14)[21]

# ੩

# ਪਰਮੇਸ਼ਰ ਦੀ ਆਦਮ ਅਤੇ ਹਵਾ ਦੇ ਡਿੱਗਣ ਤੋਂ ਬਾਅਦ ਪੁੱਛਗਿੱਛ (ਉਤਪਤ ੩:੭-੧੩)

**ਉਤਪਤ ੩:੭** ਅਤੇ ਉਨ੍ਹਾਂ ਦੋਹਾਂ ਦੀਆਂ ਅੱਖਾਂ ਖੁੱਲ੍ਹ ਗਈਆਂ ਅਤੇ ਉਨ੍ਹਾਂ ਨੇ ਜਾਣ ਲਿਆ ਕਿ ਉਹ ਨੰਗੇ ਹਨ; ਅਤੇ ਉਨ੍ਹਾਂ ਨੇ ਹੰਜੀਰ ਦੇ ਪੱਤੇ ਲੈ ਕੇ ਆਪਣੇ ਲਈ ਬਸਤਰ ਸੀਤੇ।

ਮਾਸੂਮੀਅਤ ਚਲੀ ਗਈ ਸੀ। ਉਹ ਹੁਣ ਆਪਣੇ ਨੰਗੇਜ ਤੋਂ ਸ਼ਰਮਿੰਦੇ ਸਨ ਜਦਕਿ ਪਹਿਲਾਂ ਉਨ੍ਹਾਂ ਨੂੰ ਇਸ ਤੋਂ ਕੋਈ ਸਮੱਸਿਆ ਨਹੀ ਸੀ। ਇਹ ਜੋ ਉਨ੍ਹਾਂ ਦਾ ਸੁਭਾਅ ਸੀ ਇਹ ਉਸ ਦੋਸ਼ ਅਤੇ ਭਰਿਸ਼ਟਤਾ ਦਾ ਪ੍ਰਗਟਾਵਾ ਸੀ ਜੋ ਕਿ ਪਾਪ ਲੈ ਕੇ ਆਇਆ ਸੀ। ਇਸਦਾ ਅਰਥ ਇਹ ਨਹੀ ਹੈ ਕਿ ਉਹ ਪਹਿਲਾਂ ਅੰਨ੍ਹੇ ਸਨ, ਪਰ ਹੁਣ ਉਨ੍ਹਾਂ ਦਾ ਵਿਵੇਕ ਕੰਮ ਕਰਨ ਲੱਗ ਪਿਆ ਸੀ। ਅਤੇ ਇਹ ਉਨ੍ਹਾਂ ਨੂੰ ਉਨ੍ਹਾਂ ਦੇ ਪਾਪ ਦੇ ਵਿਖੇ ਦੋਸ਼ੀ ਠਹਿਰਾ ਰਹੇ ਸਨ। ਇਸ ਤਰੀਕੇ ਨਾਲ ਉਨ੍ਹਾਂ ਦੀਆਂ ਅੱਖਾਂ ਖੁੱਲ੍ਹ ਗਈਆਂ ਸਨ। ਉਹ ਹੰਜੀਰ ਦੇ ਪੱਤਿਆਂ ਦੇ ਦੁਆਰਾ ਸਿਰਫ ਆਪਣੇ ਆਪ ਨੂੰ ਹੀ ਨਹੀ ਲੁਕਾ ਰਹੇ ਸਨ ਬਲਕਿ ਉਹ ਆਪਣੇ ਆਪ ਨੂੰ ਪਰਮੇਸ਼ਰ ਤੋਂ ਲੁਕਾ ਰਹੇ ਸਨ। ਜੇ ਜੀ ਵੋਸ ਨੇ ਲਿਖਿਆ ਹੈ, "ਇਹ ਵੇਖਿਆ ਗਿਆ ਹੈ ਕਿ ਮਨੁੱਖਾਂ ਦੇ ਬਣਾਏ ਹੋਏ ਧਰਮਾਂ ਦੇ ਢਾਂਚੇ ਅਸਲ ਦੇ ਵਿੱਚ ਹੰਜੀਰ ਦੇ ਪੱਤੇ ਹਨ ਜੋ ਕਿ ਮਨੁੱਖ ਦੇ ਆਪਣੇ ਦੋਸ਼ ਨੂੰ ਢੱਕਣ ਲਈ ਸੀਤੇ ਹਨ। ਸਿਰਫ ਸੱਚ ਇਹ ਹੈ ਕਿ ਪਰਮੇਸ਼ਰ ਦਾ ਦਿੱਤਾ ਹੋਇਆ ਧਰਮ ਵਿਚੋਲੇ ਦੇ ਲਹੂ
ਵਹਾਏ ਜਾਣ ਦੇ ਦੁਆਰਾ ਹੀ ਛੁਟਕਾਰਾ ਹੈ ਅਤੇ ਇੱਕ ਮਨੁੱਖ ਨੂੰ ਉਹ ਧਾਰਮਿਕਤਾ ਦੇ ਨਾਲ ਢੱਕਦਾ ਹੈ।[22]

ਇਹ ਸੱਚਾਈ ਕਿ ਉਹ ਦੋਸ਼ੀ ਮਹਿਸੂਸ ਕਰਨ ਲੱਗੇ ਉਹ ਪਰਮੇਸ਼ਰ ਦੀ ਕਿਰਪਾ ਦਾ ਇੱਕ ਚਿੰਨ੍ਹ ਹੈ। ਕਿਉਂਕਿ ਇਹ ਵੀ ਪਵਿੱਤਰ ਆਤਮਾ ਦੇ ਕੰਮ ਦੇ ਦੁਆਰਾ ਹੋਇਆ। ਪਰਮੇਸ਼ਰ ਨੇ ਪਹਿਲਾਂ ਤੋਂ ਹੀ ਮਨੁੱਖਾਂ ਨੂੰ ਬਚਾਉਣ ਲਈ ਛੁਟਕਾਰਾ ਤਿਆਰ ਕੀਤਾ ਹੈ ਕਿ ਉਹ ਕਿਓ ਸ਼ੈਤਾਨ ਦੇ ਨਾ ਬਣ ਜਾਣ। ਪਰਮੇਸ਼ਰ ਦਾ ਆਤਮਾ ਕੰਮ ਕਰ

ਰਿਹਾ ਸੀ ਅਤੇ ਉਨ੍ਹਾਂ ਨੂੰ ਉਹ ਉਨ੍ਹਾਂ ਦਾ ਪਾਪ ਅਤੇ ਤਰਸਦਾਇਕ ਹਾਲਤ ਵਿਖਾ ਰਿਹਾ ਸੀ ਅਤੇ ਉਨ੍ਹਾਂ ਨੂੰ ਮੁਕਤੀ ਦੀ ਜਰੂਰਤ ਨੂੰ ਵਿਖਾ ਰਿਹਾ ਸੀ।

ਉਤਪਤ 3:8 ਅਤੇ ਉਨ੍ਹਾਂ ਨੇ ਸੰਝ ਦੇ ਵੇਲੇ ਪਰਮੇਸ਼ਰ ਦੇ ਬਾਗ ਦੇ ਵਿੱਚ ਤੁਰਨ ਦੀ ਆਵਾਜ਼ ਸੁਣੀ ਅਤੇ ਆਦਮ ਅਤੇ ਉਸਦੀ ਪਤਨੀ ਨੇ ਆਪਣੇ ਆਪ ਨੂੰ ਪਰਮੇਸ਼ਰ ਦੀ ਹਜੂਰੀ ਤੋਂ ਝਾੜੀਆਂ ਦੇ ਵਿੱਚ ਲੁਕਾ ਲਿਆ ਅਤੇ ਪ੍ਭੂ ਪਰਮੇਸ਼ਰ ਨੇ ਆਦਮ ਨੂੰ ਪੁਕਾਰਿਆ ਅਤੇ ਉਸ ਨੂੰ ਕਿਹਾ, ਤੂੰ ਕਿੱਥੇ ਹੈਂ?

ਇੱਥੇ ਜੋ ਆਵਾਜ਼ ਸ਼ਬਦ ਦਾ ਅਰਥ ਹੈ "ਆਵਾਜ਼" ਇਹ ਆਇਤ ਵਿਖਾਉਂਦੀ ਹੈ ਕਿ ਪਾਪ ਉਨ੍ਹਾਂ ਵਿੱਚ ਅਤੇ ਪਰਮੇਸ਼ਰ ਦੇ ਵਿੱਚ ਦੂਰੀ ਲੈ ਆਇਆ ਜਿਸ ਸੰਗਤੀ ਦਾ ਪਹਿਲਾਂ ਉਹ ਅਨੰਦ ਮਾਣਦੇ ਹੁੰਦੇ ਸਨ। ਜੋ ਪ੍ਭੂ ਨਾਮ ਇਸਤੇਮਾਲ ਕੀਤਾ ਗਿਆ ਹੈ ਉਹ ਪਰਮੇਸ਼ਰ ਦੇ ਵਾਚਾ ਵਾਲੇ ਨਾਮ ਦੇ ਬਾਰੇ ਵਿੱਚ ਹੈ। ਇਹੀ ਕਾਰਣ ਸੀ ਕਿ ਉਹ ਲੁਕ ਗਏ ਸਨ ਕਿਉਂਕਿ ਉਹ ਜਾਣਦੇ ਸਨ ਕਿ ਉਨ੍ਹਾਂ ਨੇ ਪਰਮੇਸ਼ਰ ਦੀ ਕਿਰਪਾਲੂ ਵਾਚਾ ਨੂੰ ਤੋੜ ਦਿੱਤਾ ਹੈ। ਬੇਵਨਿਕ ਲਿਖਦਾ ਹੈ, "ਉਹ ਉਨ੍ਹਾਂ ਦੇ ਕੋਲ ਬਿਜਲੀ ਦੀ ਗਰਜ਼ ਜਾਂ ਤੁਫਾਨ ਦੇ ਦੁਆਰਾ ਨਹੀ ਆਇਆ ਬਲਕਿ ਉਹ ਸੰਝ ਦੇ ਵੇਲੇ ਆਇਆ. . . . ਇਹ ਜੋ ਉਸਦਾ ਉਨ੍ਹਾਂ ਦੇ ਕੋਲ ਆਉਣਾ ਹੈ ਇਹ ਕਿਰਪਾ ਹੈ। ਪਰਮੇਸ਼ਰ ਲੋਕਾਂ ਨੂੰ ਸਮਾਂ ਦਿੰਦਾ ਹੈ ਕਿ ਉਹ ਆਪਣੇ ਆਪ ਨੂੰ ਵੇਖਣ ਅਤੇ ਉਹ ਇਹ ਸੋਚਣ ਕਿ ਕਿਵੇਂ ਉਹ ਉਸ ਨੂੰ ਉੱਤਰ ਦੇਣਗੇ" 23

ਇਹ ਜੋ ਪਰਮੇਸ਼ਰ ਨੇ ਦਰਸ਼ਨ ਦਿੱਤੇ ਇਹ ਪਰਮੇਸ਼ਰ ਦਾ ਪੁੱਤਰ ਸੀ ਜੋ ਕਿ ਮਨੁੱਖ ਦਾ ਰੂਪ ਧਾਰਨ ਕਰ ਕੇ ਇੱਕ ਪਲ ਵਾਸਤੇ ਆਇਆ, ਜੋ ਕਿ ਉਸਦੇ ਦੇਹਧਾਰੀ ਰੂਪ ਧਾਰਨ ਸਮੇਂ ਉਜਾਗਰ ਹੋਵੇਗਾ।

ਪ੍ਭੂ ਨੇ ਆਦਮ ਨੂੰ ਪੁਕਾਰਿਆ ਕਿਉਂਕਿ ਉਹ ਉਸ ਨੂੰ ਮੌਕਾ ਦੇਣਾ ਚਾਹੁੰਦਾ ਸੀ ਕਿ ਉਹ ਆਪਣੇ ਆਪ ਦਾ ਅੰਗੀਕਾਰ ਕਰੇ। ਉਸਦਾ ਮਕਸਦ ਜਾਣਕਾਰੀ ਇਕੱਠੀ ਕਰਨਾ ਨਹੀ ਸੀ ਕਿਉਂਕਿ ਪਰਮੇਸ਼ਰ ਇਸ ਸਭ ਤੋਂ ਅਣਜਾਣ ਨਹੀ ਸੀ। ਜੰਗ ਲਿਖਦਾ ਹੈ, "ਆਦਮੀ ਹੁਣ ਤੱਕ ਬਾਗ ਦਾ ਰਖਵਾਲਾ ਸੀ, ਹੁਣ ਉਹ ਚਾਹੁੰਦਾ ਸੀ ਕਿ ਬਾਗ ਉਸਦਾ ਰਖਵਾਲਾ ਬਣ ਜਾਵੇ। ਜਿੱਥੇ ਕਿਤੇ ਵੀ ਅਸੀਂ ਚਲੇ ਜਾਈਏ ਉਹ ਪਰਮੇਸ਼ਰ ਦੇ ਖੇਤਰ ਦੇ ਵਿੱਚ ਹੈ। ਇਹ ਪਰਮੇਸ਼ਰ ਦਾ ਸੰਸਾਰ ਹੈ, ਅਤੇ ਇਸਦੇ ਵਿੱਚ ਅਸੀਂ ਉਸ ਦੀ ਹਜੂਰੀ ਤੋਂ ਦੂਰ ਨਹੀ ਜਾ ਸਕਦੇ ਹਾਂ। ਅਸਲ ਦੇ ਵਿੱਚ ਇੱਕ ਹੀ ਤਰੀਕਾ ਹੈ ਜਿਸਦੇ ਦੁਆਰਾ ਅਸੀਂ ਨੱਸ ਸਕਦੇ ਹਾਂ ਤੇ ਉਹ ਹੈ_ਸਦੇ ਵੱਲ ਨੱਸਣਾ। ਹਨੇਰੇ ਦੇ ਵਿੱਚ ਰਹਿਣ ਦੇ ਕਾਰਣ ਤੇ ਪਾਪ ਤੋਂ ਅਣ ਜਾਣ ਹੋਣ ਦੇ ਕਾਰਣ ਆਦਮ ਤੇ ਹਵਾ ਨੂੰ ਇਹ ਪਤਾ ਨਹੀ ਸੀ" 24

ਜਦ ਸਵਰਗਦੂਤ ਡਿੱਗੇ ਤਾਂ ਉਨ੍ਹਾਂ ਨੂੰ ਉਸੇ ਵੇਲੇ ਨਰਕ ਦੀ ਸਜ਼ਾ ਦੇ ਦਿੱਤੀ ਗਈ। (ਯਹੂਦਾ 6) ਪਰ ਮਨੁੱਖ ਨੂੰ ਪਰਮੇਸ਼ਰ ਆਪਣੀ ਕਿਰਪਾ ਦੇ ਨਾਲ ਇਸ ਪਾਪ ਦੇ ਵਿੱਚੋਂ ਬਾਹਰ ਕੱਢਣਾ ਚਾਹੁੰਦਾ ਸੀ। ਇਸੇ ਲਈ ਮਨੁੱਖ ਉਸੇ ਵੇਲੇ ਮਰਿਆ ਨਹੀ ਬਲਕਿ ਉਸਨੇ ਇੱਕ ਲੰਬੇ ਇਤਹਾਸ ਦੇ ਵਿੱਚ ਪ੍ਰਵੇਸ਼ ਕੀਤਾ। ਕੀ ਇਹ ਕਬੂਲ ਕਰਨਾ ਸਾਡੇ ਮਾਂ ਬਾਪ ਤੋਂ ਆਇਆ ਸੀ? ਨਹੀ। ਅਸੀਂ ਪਾਪ ਨੂੰ ਉਨ੍ਹਾਂ ਦੇ ਮਨਾਂ ਦੇ ਵਿੱਚ ਲਿਪਟਿਆ ਵੇਖਦੇ ਹਾਂ ਅਤੇ ਉਹ ਸਿਰਫ ਦੋਸ਼ ਨੂੰ ਮਿਟਾਉਣਾ ਚਾਹੁੰਦੇ ਸਨ ਅਤੇ ਕਿਸੇ ਦੂਸਰੇ ਦੇ ਉੱਪਰ ਦੋਸ਼ ਮੜਨਾ ਚਾਹੁੰਦੇ ਸਨ।

**ਉਤਪਤ ੩:੧੦** ਅਤੇ ਉਸ ਨੇ ਕਿਹਾ, ਮੈਂ ਤੇਰੀ ਬਾਗ ਵਿੱਚ ਆਵਾਜ਼ ਸੁਣੀ ਤੇ ਮੈਂ ਡਰ ਗਿਆ, ਕਿਉਂਕਿ ਮੈਂ ਨੰਗਾ ਸੀ ਤੇ ਮੈਂ ਆਪਣੇ ਆਪ ਨੂੰ ਲੁਕਾ ਲਿਆ। ਤੇ ਉਸ ਨੇ ਪੁੱਛਿਆ, ਕਿਸ ਨੇ ਤੈਨੂੰ ਦੱਸਿਆ ਕਿ ਤੂੰ ਨੰਗਾ ਹੈਂ? ਕੀ ਤੂੰ ਉਸ ਰੁੱਖ ਤੋਂ ਖਾ ਲਿਆ ਹੈ, ਜਿਸ ਦੇ ਵਿਖੇ ਮੈਂ ਤੈਨੂੰ ਹੁਕਮ ਦਿੱਤਾ ਸੀ ਕਿ ਤੂੰ ਨਾ ਖਾਵੀਂ? ਅਤੇ ਆਦਮੀ ਨੇ ਕਿਹਾ, ਜਿਹੜੀ ਔਰਤ ਤੈਂ ਮੈਨੂੰ ਦਿੱਤੀ ਸੀ ਕਿ ਉਹ ਮੇਰੇ ਨਾਲ ਰਹੇ, ਉਸ ਨੇ ਮੈਨੂੰ ਉਸ ਰੁੱਖ ਤੋਂ ਦਿੱਤਾ ਅਤੇ ਮੈਂ ਖਾ ਲਿਆ। ਤਾਂ ਪਰਮੇਸ਼ਰ ਨੇ ਔਰਤ ਨੂੰ ਕਿਹਾ, ਇਹ ਤੂੰ ਕੀ ਕੀਤਾ? ਅਤੇ ਔਰਤ ਨੇ ਕਿਹਾ, ਸੱਪ ਨੇ ਮੈਨੂੰ ਭਰਮਾਇਆ ਅਤੇ ਮੈਂ ਖਾ ਲਿਆ।

ਪਾਪ ਸਿਰਫ ਸ਼ਰਮ ਹੀ ਨਹੀ ਲੈ ਕੇ ਆਇਆ ਪਰ ਇਹ ਡਰ ਅਤੇ ਦੋਸ਼ ਵੀ ਲੈ ਕੇ ਆਇਆ, ਜਿਸਦੀ ਵਜ੍ਹਾਂ ਨਾਲ ਉਹ ਪਰਮੇਸ਼ਰ ਤੋਂ ਲੁੱਕ ਗਏ। ਨੰਗੇਜ ਆਪਣੇ ਆਪ ਵਿੱਚ ਕਾਰਣ ਨਹੀ ਸੀ ਕਿਉਂਕਿ ਉਹ ਪਾਪ ਵਿੱਚ ਡਿੱਗਣ ਤੋਂ ਪਹਿਲਾਂ ਵੀ ਨੰਗੇ ਸਨ ਤੇ ਫਿਰ ਵੀ ਉਹ ਸ਼ਰਮ ਮਹਿਸੂਸ ਨਹੀ ਕਰਦੇ ਸਨ। ਪਰਮੇਸ਼ਰ ਚਾਹੁੰਦਾ ਤਾਂ ਉਨ੍ਹਾਂ ਦੇ ਇਸ ਗੁਨਾਹ ਵਾਸਤੇ ਉਨ੍ਹਾਂ ਨੂੰ ਮਿਟਾ ਸਕਦਾ ਸੀ, ਪਰ ਇਸਦੀ ਬਜਾਇ ਉਹ ਉਨ੍ਹਾਂ ਕੋਲ ਪਿਆਰ ਦੇ ਨਾਲ ਆਇਆ ਅਤੇ ਉਹ ਉਨ੍ਹਾਂ ਤੋਂ ਪਾਪ ਦਾ ਅੰਗੀਕਾਰ ਚਾਹੁੰਦਾ ਸੀ। ਸ਼ੈਤਾਨ ਦੀ ਤਰ੍ਹਾਂ ਪਰਮੇਸ਼ਰ ਪਹਿਲਾਂ ਹਵਾ ਦੇ ਕੋਲ ਨਹੀ ਆਇਆ, ਪਰ ਪਰਮੇਸ਼ਰ ਆਦਮ ਦੇ ਕੋਲ ਆਉਂਦਾ ਹੈ, ਕਿਉਂਕਿ ਆਦਮ ਔਰਤ ਦਾ ਸਿਰ ਹੈ ਅਤੇ ਉਹ ਮਨੁੱਖਤਾ ਦਾ ਪ੍ਰਤੀਨਿਧੀ ਹੈ। ਪਰਮੇਸ਼ਰ ਨੇ ਆਦਮ ਦੇ ਕੋਲੋਂ ਇਸ ਕਰਕੇ ਇਹ ਨਹੀ ਪੁੱਛਿਆਂ ਕਿ ਕੀ ਉਸ ਨੇ ਉਸ ਮਨ੍ਹਾਂ ਕੀਤੇ ਹੋਏ ਰੁੱਖ ਤੋਂ ਖਾਧਾ ਹੈ, ਕਿ ਉਹ ਸੱਚਾਈ ਨੂੰ ਜਾਨਣਾ ਚਾਹੁੰਦਾ ਸੀ ਪਰ ਉਹ ਚਾਹੁੰਦਾ ਸੀ ਕਿ ਆਦਮ ਆਪਣੇ ਪਾਪ ਨੂੰ ਮੰਨ ਲਵੇ।

12 ਆਇਤ ਦੇ ਵਿੱਚ ਸਾਨੂੰ ਆਦਮ ਦਾ ਇੱਕ ਦੁਖੀ ਕਰਨ ਵਾਲਾ ਪ੍ਰਤੀਉੱਤਰ ਮਿਲਦਾ ਹੈ, ਇੱਥੇ ਉਹ ਦੋਸ਼ ਔਰਤ ਤੇ ਮੜ ਦਿੰਦਾ ਹੈ। ਉਹ ਸਿਰਫ ਔਰਤ ਤੇ ਹੀ ਦੋਸ਼ ਨਹੀ ਲਾਉਂਦਾ ਹੈ ਪਰ ਉਹ ਅਖੀਰ ਵਿੱਚ ਗਲਤੀ ਪਰਮੇਸ਼ਰ ਦੀ ਕੱਢਦਾ ਹੈ ਕਿਉਂਕਿ ਪਰਮੇਸ਼ਰ ਨੇ ਹਵਾ ਆਦਮ ਨੂੰ ਦਿੱਤੀ ਸੀ। ਹਵਾ ਨੇ ਆਪਣੇ ਪਤੀ ਨੂੰ ਫਲ ਖਾਣ ਵਾਸਤੇ ਮਜਬੂਰ ਨਹੀ ਕੀਤਾ ਸੀ। ਉਸਨੇ ਆਪਣੀ ਮਰਜੀ ਨਾਲ ਇਹ

ਫਲ ਖਾਧਾ ਸੀ। ਕਿੰਨੀ ਵਾਰ ਮਨੁੱਖ ਜੋ ਬੁਰਾਈ ਉਹ ਖੁਦ ਕਰਦਾ ਹੈ ਉਸ ਲਈ ਪਰਮੇਸ਼ਰ ਨੂੰ ਦੋਸ਼ੀ ਠਹਿਰਾਉਂਦਾ ਹੈ। ਉਹ ਮੰਨਦਾ ਹੈ ਕਿ ਉਸ ਨੇ ਖਾਧਾ ਹੈ, ਪਰ ਇਹ ਉਹ ਆਪਣੀ ਪਤਨੀ ਅਤੇ ਪਰਮੇਸ਼ਰ ਤੇ ਦੋਸ਼ ਲਾਉਣ ਤੋਂ ਬਾਅਦ ਕਰਦਾ ਹੈ। ਪਾਪ ਪਤੀ ਅਤੇ ਪਤਨੀ ਦੇ ਅਨੋਖੇ ਰਿਸ਼ਤੇ ਵਿੱਚ ਇੱਕ ਪਾੜ੍ਹਾ ਲੈ ਕੇ ਆ ਗਿਆ ਅਤੇ ਪਰਮੇਸ਼ਰ ਦੇ ਨਾਲ ਉਨ੍ਹਾਂ ਦੇ ਰਿਸ਼ਤੇ ਵਿੱਚ ਵੀ।

ਪਰਮੇਸ਼ਰ ਫਿਰ ਹਵਾ ਦੇ ਕੋਲ ਆਇਆ ਅਤੇ ਉਸ ਨੇ ਆਪਣੀ ਜਿੰਮੇਵਾਰੀ ਤੋਂ ਨੱਸਣ ਦੀ ਕੋਸ਼ਿਸ ਕੀਤੀ ਅਤੇ ਉਸ ਨੇ ਵੀ ਇਹ ਸਫਾਈ ਦਿੱਤੀ ਕਿ ਸ਼ੈਤਾਨ ਨੇ ਉਸ ਤੋਂ ਇਹ ਕਰਵਾਇਆ। ਪਰ ਜਿਵੇਂ ਕਿ ਅਸੀਂ ਪਹਿਲਾਂ ਵੀ ਕਿਹਾ ਸੀ, ਸ਼ੈਤਾਨ ਪਰਤਾਵੇ ਲਈ ਜਿੰਮੇਵਾਰ ਸੀ ਪਰ ਉਹ ਉਸ ਫਲ ਦੇ ਖਾਣ ਲਈ ਜਿੰਮੇਵਾਰ ਨਹੀ ਸੀ। ਇਹ ਹਵਾ ਸੀ ਜਿਸ ਨੇ ਸੁਣਿਆ ਅਤੇ ਸ਼ੈਤਾਨ ਦੀ ਆਵਾਜ਼ ਨੂੰ ਪਰਮੇਸ਼ਰ ਤੋਂ ਜਿਆਦਾ ਪਹਿਲ ਦਿੱਤੀ ਅਤੇ ਉਸ ਤੇ ਵਿਸ਼ਵਾਸ ਕੀਤਾ ਅਤੇ ਉਸ ਨੇ ਉਹ ਫਲ ਖਾਧਾ। ਇਹ ਸੱਚ ਹੈ ਕਿ ਸੱਪ ਨੇ ਉਸ ਨੂੰ ਭਰਮਾਇਆ ਸੀ। (2 ਕੁਰਿੰ 11:3) ਪਰ ਉਸ ਨੂੰ ਸ਼ੈਤਾਨ ਦੀ ਸੁਣਨ ਦੀ ਲੋੜ ਨਹੀ ਸੀ। ਉਹ ਸ਼ੈਤਾਨ ਦੇ ਨਾਲ ਗੱਲਬਾਤ ਕਰਨ ਲੱਗ ਪਈ ਜਦੋਂ ਕਿ ਉਹ ਨੂੰ ਚਾਹੀਦਾ ਸੀ ਕਿ ਉਹ ਉਸ ਨੂੰ ਚੁੱਪ ਕਰਵਾਉਂਦੀ।

# 4

# ਪਰਮੇਸ਼ਰ ਦਾ ਪਾਪ ਬਾਰੇ ਨਿਆਂ

ਅਸੀਂ ਖੁਸ਼ਖਬਰੀ ਦੇ ਪਹਿਲੇ ਵਾਇਦੇ ਦੇ ਬਾਰੇ ਬਾਅਦ ਵਿੱਚ ਵੇਖਾਂਗੇ ਪਰ ਪਹਿਲਾਂ ਅਸੀਂ ਆਪਣੇ ਪਹਿਲੇ ਮਾਤਾ ਪਿਤਾ ਦਾ ਨਿਆਂ ਵੇਖੀਏ ਅਤੇ ਇਸ ਡਿੱਗਣ ਦੇ ਨਤੀਜ਼ੇ ਅਸੀਂ ਅਗਲੇ ਹਿੱਸੇ ਵਿੱਚ ਵੇਖਾਂਗੇ।

ਉਤਪਤ 3:16 ਔਰਤ ਨੂੰ ਉਸ ਨੇ ਕਿਹਾ, ਮੈਂ ਤੇਰੇ ਜਣਨ ਦੀ ਪੀੜਾ ਨੂੰ ਬਹੁਤ ਵਧਾ ਦੇਵਾਂਗਾ; ਦੁੱਖ ਦੇ ਵਿੱਚ ਤੂੰ ਬੱਚਿਆਂ ਨੂੰ ਜਨਮ ਦੇਵੇਂਗੀ ਅਤੇ ਤੇਰੀ ਚਾਹਤ ਤੇਰੇ ਪਤੀ ਦੇ ਵੱਲ ਹੋਵੇਗੀ ਅਤੇ ਉਹ ਤੇਰੇ ਤੇ ਰਾਜ ਕਰੇਗਾ।

ਇਸ ਤੋਂ ਪਹਿਲਾਂ ਕਿ ਅਸੀਂ ਇਸ ਨੂੰ ਵੇਖੀਏ ਆਉ ਅਸੀਂ ਪਹਿਲਾਂ ਉਸ ਗਲਤ ਵਿਚਾਰਧਾਰਾ ਨੂੰ ਵੇਖੀਏ ਜੋ ਕਿ ਗੈਰ ਮਸੀਹੀ ਯੂਨੀਵਰਸਟੀਆਂ ਵਿੱਚ ਪੜਾਈ ਜਾਂਦੀ ਹੈ। ਉਹ ਵਿਚਾਰਧਾਰਾ ਮੰਨਦੀ ਹੈ ਕਿ ਉਹ ਦਰਖਤ ਅਲੌਕਿਕ ਸੀ ਅਤੇ ਉਹ ਗਿਆਨ ਜਿਸ ਦੇ ਬਾਰੇ ਇਹ ਹੈ ਕਿ ਉਹ ਸਿਰਫ ਪਰਮੇਸ਼ਰ ਦੇ ਕੋਲ ਹੈ ਮਨੁੱਖ ਵਾਸਤੇ ਘਾਤਕ ਸਿੱਧ ਹੋਵੇਗਾ। ਇਸ ਵਿਚਾਰਧਾਰਾ ਦੇ ਅਨੁਸਾਰ, ਉਹ ਫਲ ਨੂੰ ਖਾਣ ਤੋਂ ਸਾਡੇ ਮਾਤਾ ਪਿਤਾ ਕਾਮੁਕ ਅਨੁਭਵ ਦੇ ਪ੍ਰਤੀ ਜਾਗਰੂਕ ਹੋ ਗਏ। ਇਸ ਦੇ ਦੁਆਰਾ ਉਹ ਪਰਮੇਸ਼ਰ ਦੀ ਤਰਾਂ ਬਣ ਗਏ ਅਤੇ ਉਸ ਦੇ ਅਨੁਸਾਰ ਹੁਣ ਉਹ ਵੀ ਆਪਣੇ ਵਰਗੇ ਪ੍ਰਾਣੀਆਂ ਨੂੰ ਪੈਦਾ ਕਰ ਸਕਦੇ ਹਨ। ਦੂਸਰੇ ਸ਼ਬਦਾਂ ਦੇ ਵਿੱਚ ਉਹ ਵੀ ਹੁਣ ਪਰਮੇਸ਼ਰ ਦੀ ਤਰਾਂ "ਰਚਣਹਾਰ" ਬਣ ਗਏ। ਜਦ ਪੁੱਛਿਆ ਗਿਆ ਕਿ ਫਿਰ ਇਸਦੀ ਸਜ਼ਾ ਮੌਤ ਕਿਉਂ ਹੋਵੇ, ਇਸਦਾ ਉੱਤਰ ਇਹ ਸੀ ਕਿ ਮੌਤ ਧਰਤੀ ਉੱਤੇ ਜਨਸੰਖਿਆ ਵਧ ਨਾ ਜਾਵੇ ਇਸ ਲਈ ਜਰੂਰੀ ਸੀ[25]

ਇਹ ਵਿਚਾਰਧਾਰਾ ਦਰਖਤ ਨੂੰ ਤਲਿਸਮੀ ਬਣਾ ਦਿੰਦੀ ਹੈ ਜਿਸ ਦੇ ਬਾਰੇ ਅਸੀਂ ਵੇਖਿਆ ਹੈ ਕਿ ਇਹ ਨਹੀ ਹੈ। ਇਹ ਹਰ ਦੂਸਰੇ ਰੁੱਖ ਦੀ ਤਰਾਂ ਸੀ ਜੋ ਕਿ ਪਰਮੇਸ਼ਰ ਨੇ ਬਣਾਏ ਸੀ ਅਤੇ ਉਹ ਚੰਗੇ ਸਨ। (ਉਤਪਤ 1:31) ਪਰਮੇਸ਼ਰ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਫਲਦਾਰ ਹੋਣ ਅਤੇ ਵੱਧ ਜਾਣ, ਇਹ ਗੱਲ ਪਰਮੇਸ਼ਰ ਨੇ ਉਨ੍ਹਾਂ ਦੇ

ਡਿੱਗਣ ਤੋਂ ਪਹਿਲਾਂ ਕਹੀ ਸੀ। ਸੈਕਸ, ਵਿਆਹ ਦੇ ਸੰਦਰਭ ਵਿੱਚ ਸੁਭਾਵਿਕ ਹੈ, ਅਤੇ ਇਸਦੇ ਦੁਆਰਾ ਪਰਮੇਸ਼ਰ ਦਾ ਹੁਕਮ ਪੂਰਾ ਹੁੰਦਾ ਹੈ।
ਇਸ ਵਿਚਾਰਧਾਰਾ ਵਿੱਚ ਕੋਈ ਸੱਚਾਈ ਨਹੀ ਹੈ।

ਪਰਮੇਸ਼ਰ ਨੇ ਹਵਾ ਦੇ ਨਾਲ ਸਜ਼ਾ ਨੂੰ ਸ਼ੁਰੂ ਕੀਤਾ, ਕਿਉਂਕਿ ਉਹ ਪਹਿਲੀ ਸੀ ਜਿਸ ਨੇ ਸੱਪ ਨੂੰ ਸੁਣਿਆ ਸੀ। ਇਹ ਸਜ਼ਾ ਉਸ ਨੂੰ ਮਾਂ ਅਤੇ ਪਤਨੀ ਦੇ ਤੋਰ ਤੇ ਪ੍ਰਭਾਵਿਤ ਕਰੇਗੀ। ਜਿਵੇਂ ਕਿ ਇੱਕ ਪਤਨੀ ਚਾਹੁੰਦੀ ਸੀ ਕਿ ਉਹ ਬੱਚੇ ਪੈਦਾ ਕਰੇ, ਪਰ ਇਸ ਦੇ ਲਈ ਉਸ ਨੂੰ ਆਪਣੇ ਪਤੀ ਦੇ ਅਧੀਨ ਰਹਿਣਾ ਪੈਂਦਾ ਹੈ ਕਿ ਉਹ ਉਸ ਚਾਹਤ ਨੂੰ ਪੂਰਿਆਂ ਕਰ ਸਕੇ। ਉਸਦੀ ਅਧੀਨਤਾ ਸਿੱਧ ਵਿਅਕਤੀ ਦੇ ਪ੍ਰਤੀ ਨਹੀ ਹੋਵੇਗੀ, ਪਰ ਇੱਕ ਪਾਪੀ ਦੇ ਪ੍ਰਤੀ ਜੋ ਕਿ ਉਸ ਉੱਪਰ ਰਾਜ ਕਰੇਗਾ। ਬੱਚਿਆਂ ਨੂੰ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਵੱਡਿਆਂ ਕਰਨਾ ਇੱਕ ਦਰਦਨਾਕ ਪਰੀਕ੍ਰਿਆ ਹੋਵੇਗੀ। ਪਰ ਫਿਰ ਵੀ ਪਰਮੇਸ਼ਰ ਆਪਣੇ ਨਿਆਂ ਵਿੱਚ ਦਯਾ ਨੂੰ ਯਾਦ ਕਰਦਾ ਹੈ, ਉਹ ਸਭ ਜਿਉਂਦਿਆਂ ਦੀ ਮਾਤਾ ਹੋਵੇਗੀ, ਅਤੇ ਉਹ ਬੱਚਿਆਂ ਨੂੰ ਜਣਨ ਦੇ ਦੁਆਰਾ ਧੰਨ ਹੋਵੇਗੀ। (1 ਤਿਮੋ 2:15) ਇਹ ਸ਼ਰਾਪ ਹਵਾ ਤੱਕ ਸੀਮੀਤ ਨਹੀ ਰਿਹਾ ਪਰ ਇਹ ਉਸਦੀਆਂ ਪੀੜੀਆਂ ਵਾਸਤੇ ਵੀ ਸੀ।

**ਉਤਪਤ ੩:੧੭** ਫਿਰ ਆਦਮ ਨੂੰ ਉਸ ਨੇ ਕਿਹਾ, ਕਿਉਂਕਿ ਤੂੰ ਆਪਣੀ ਪਤਨੀ ਦੀ ਆਵਾਜ਼ ਨੂੰ ਸੁਣਿਆ, ਅਤੇ ਤੂੰ ਉਸ ਰੁੱਖ ਤੋਂ ਖਾਧਾ ਜਿਸ ਦੇ ਵਿਖੇ ਮੈਂ ਤੈਨੂੰ ਹੁਕਮ ਦਿੱਤਾ ਸੀ ਕਿ ਤੂੰ ਇਸ ਤੋਂ ਨਾ ਖਾਵੀਂ। ਇਹ ਜਮੀਨ ਤੇਰੇ ਕਾਰਣ ਸ਼ਰਾਪਤ ਹੋਈ, ਤੂੰ ਦੁੱਖ ਦੀ ਰੋਟੀ ਆਪਣੇ ਜੀਵਨ ਭਰ ਇਸ ਤੋਂ ਖਾਵੇਂਗਾ। ਇਹ ਤੇਰੇ ਲਈ ਕੰਡਿਆਲੇ ਅਤੇ ਊਟ ਕਟਾਰੇ ਪੈਦਾ ਕਰੇਗੀ ਅਤੇ ਤੂੰ ਇਸ ਦੀ ਫਸਲ ਨੂੰ ਖਾਵੇਂਗਾ। ਆਪਣੇ ਮੱਥੇ ਦੇ ਪਸੀਨੇ ਦੁਆਰਾ ਤੂੰ ਰੋਟੀ ਖਾਵੇਂਗਾ, ਜਦ ਤੱਕ ਤੂੰ ਇਸ ਮਿੱਟੀ ਵਿੱਚ ਮਿਲ ਨਹੀ ਜਾਂਦਾ। ਕਿਉਂਕਿ ਇਸੇ ਵਿਚੋਂ ਤੂੰ ਲਿਆ ਗਿਆ, ਮਿੱਟੀ ਤੂੰ ਹੈ ਅਤੇ ਮਿੱਟੀ ਵਿੱਚ ਹੀ ਤੂੰ ਮੁੜ ਜਾਵੇਂਗਾ।

ਆਦਮੀ ਦੀ ਸਜ਼ਾ ਉਸਦੀ ਮਿਹਨਤ ਦੇ ਨਾਲ ਸਬੰਧਤ ਸੀ। ਭੂਮੀ ਸ਼ਰਾਪਿਤ ਹੈ। ਉਹ ਆਪਣੇ ਚਿਹਰੇ ਦੇ ਪਸੀਨੇ ਦੇ ਦੁਆਰਾ ਆਪਣੀ ਰੋਟੀ ਖਾਵੇਗਾ। ਮਿਹਨਤ ਆਪਣੇ ਆਪ ਦੇ ਵਿੱਚ ਸ਼ਰਾਪ ਨਹੀ ਸੀ ਕਿਉਂਕਿ ਆਦਮੀ ਨੂੰ ਪਹਿਲਾਂ ਹੀ ਬਾਗ ਨੂੰ ਸਵਾਰਨ ਅਤੇ ਸੰਭਾਲਣ ਦਾ ਹੁਕਮ ਦਿੱਤਾ ਗਿਆ ਸੀ। ( ਉਤਪਤ 1:28) ਇਹ ਸਜ਼ਾ ਇਸ ਗੱਲ ਵਿੱਚ ਸੀ ਕਿ ਭੂਮੀ ਆਪਣਾ ਫਲ ਮਨੁੱਖ ਦੀ ਪੂਰੀ ਮਿਹਨਤ ਦੇ ਬਾਵਜੂਦ ਵੀ ਪੈਦਾ ਨਹੀ ਕਰੇਗੀ। ਪਾਪ ਦੇ ਲੇਖੇ ਦੇ ਕਾਰਣ ਕਿਸੇ ਵੀ ਵਿਅਕਤੀ ਦੀ ਮਿਹਨਤ ਸੰਸਾਰ ਦੇ ਵਿੱਚ ਨਿਰਾਸ਼ਾ ਤੋਂ ਬਿਨਾਂ ਨਹੀ ਹੈ। ਧਰਤੀ ਦੇ ਉੱਪਰ ਕਬਜ਼ਾ ਕਰਨ ਵਾਲਾ ਯੁੱਧ ਹੁਣ ਖਤਮ ਹੋ ਜਾਵੇਗਾ ਕਿਉਂਕਿ ਮਨੁੱਖ ਮਿੱਟੀ ਜਿਸ ਵਿੱਚੋਂ ਉਹ ਲਿਆ ਗਿਆ ਸੀ, ਵਾਪਸ ਮਿਲ ਜਾਵੇਗਾ। (19 ਆਇਤ) ਮੌਤ ਯਕੀਨੀ ਸਿਰਫ ਇਸ ਵਾਸਤੇ ਨਹੀ ਹੈ ਕਿਉਂਕਿ ਮਨੁੱਖ ਮਿੱਟੀ ਤੋਂ ਬਣਿਆ ਹੈ,

ਜਾਂ ਫਿਰ ਇਹ ਅਣਆਗਿਆਕਾਰੀ ਦੀ ਸਜ਼ਾ ਨਾ ਹੁੰਦੀ।ਇਹ ਮੌਤ ਜੋ ਕਿ ਆਦਮ ਦੀ ਸਜ਼ਾ ਦੇ ਸੰਦਰਭ ਵਿੱਚ ਬੋਲੀ ਗਈ ਹੈ, ਇਹ ਸਭ ਮਨੁੱਖਾਂ ਤੇ ਲਾਗੂ ਹੁੰਦੀ ਹੈ ਕਿਉਂਕਿ ਉਹ ਸਭ ਦਾ ਪ੍ਰਤੀਨਿਧੀ ਸੀ। ਹਵਾ ਵੀ ਇਸ ਵਿੱਚ ਸ਼ਾਮਿਲ ਹੈ। ਪੌਲੁਸ ਲਿਖਦਾ ਹੈ, "ਜਿਵੇਂ ਆਦਮ ਵਿੱਚ ਸਭ ਮਰਦੇ ਹਨ, ਇਸੇ ਹੀ ਤਰਾਂ ਮਸੀਹ ਦੇ ਵਿੱਚ ਸਭ ਜਿੰਦਾ ਕੀਤੇ ਜਾਣਗੇ" (1 ਕੁਰਿੰ 15:22)

**ਉਤਪਤ ੩:੨੨** ਤਦ ਯਹੋਵਾਹ ਪਰਮੇਸ਼ਰ ਨੇ ਆਖਿਆ, ਵੇਖੋ ਭਲੇ ਬੁਰੇ ਦੀ ਪਛਾਣ ਵਿੱਚ ਸਾਡੇ ਵਿੱਚੋਂ ਇੱਕ ਵਰਗਾ ਹੋ ਗਿਆ ਹੈ, ਅਤੇ ਹੁਣ ਅਜੇਹਾ ਨਾ ਹੋਵੇ ਕਿ ਉਹ ਆਪਣਾ ਹੱਥ ਵਧਾ ਕੇ ਜੀਵਨ ਦੇ ਬਿਰਛ ਵਿੱਚੋਂ ਵੀ ਲੈ ਕੇ ਖਾਵੇ ਅਤੇ ਸਦਾ ਜਿਉਂਦਾ ਰਹੇ, ਯਹੋਵਾਹ ਪਰਮੇਸ਼ਰ ਨੇ ਉਸ ਨੂੰ ਅਦਨ ਦੇ ਬਾਗ ਵਿੱਚੋਂ ਬਾਹਰ ਕੱਢ ਦਿੱਤਾ, ਤਾਂ ਜੋ ਉਹ ਉਸ ਜਮੀਨ ਨੂੰ ਵਾਹੇ ਜਿਸ ਵਿੱਚੋਂ ਉਹ ਕੱਢਿਆ ਗਿਆ ਸੀ, ਸੋ ਉਸ ਨੇ ਆਦਮੀ ਨੂੰ ਬਾਹਰ ਕੱਢ ਦਿੱਤਾ ਅਤੇ ਅਤੇ ਉਸ ਨੇ ਅਦਨ ਦੇ ਬਾਗ ਦੇ ਚੜ੍ਹਦੇ ਪਾਸੇ ਦੂਤਾਂ ਨੂੰ ਅਤੇ ਚੌਂਪਾਸੇ ਘੁੰਮਣ ਵਾਲੀ ਚਮਕਦੀ ਤਲਵਾਰ ਨੂੰ ਰੱਖਿਆ, ਤਾਂ ਜੋ ਉਹ ਜੀਵਨ ਦੇ ਬਿਰਛ ਦੀ ਰਾਖੀ ਕਰਨ।

ਆਦਮ ਅਤੇ ਹਵਾ ਬਾਗ ਵਿੱਚੋਂ ਬਾਹਰ ਕੱਢੇ ਗਏ ਹਨ, ਕਿਉਂਕਿ ਉਨ੍ਹਾਂ ਨੇ ਸਦਾ ਦੇ ਜੀਵਨ ਦੀਆਂ ਬਰਕਤਾਂ ਨੂੰ ਗੁਆ ਲਿਆ। ਮਨੁੱਖ ਨੇ ਆਜ਼ਾਦੀ ਨਾਲ ਫੈਂਸਲਾ ਕੀਤਾ ਸੀ, ਉਹ ਆਪਣੇ ਰਾਹ ਤੇ ਚੱਲਣ ਪ੍ਰਤੀ ਦ੍ਰਿੜ ਸੀ, ਇਸ ਲਈ ਉਸ ਨੇ ਜੀਵਨ ਦੇ ਰੁੱਖ ਤੋਂ ਬਰਕਤਾਂ ਨੂੰ ਗੁਆ ਦਿੱਤਾ। ਇਹ ਜੀਵਨ ਦਾ ਰੁੱਖ ਸਦਾ ਦੇ ਜੀਵਨ ਨੂੰ ਵਿਖਾਉਂਦਾ ਹੈ ਜੇਕਰ ਮਨੁੱਖ ਪਰਮੇਸ਼ਰ ਦੇ ਹੁਕਮਾਂ ਨੂੰ ਮੰਨਦਾ, ਸਿਰਫ ਆਦਮ ਹੀ ਨਹੀ ਬਲਕਿ ਪੂਰੀ ਮਨੁੱਖਤਾ ਜਿੰਨਾਂ ਦਾ ਉਹ ਪ੍ਰਤੀਨਿਧੀ ਸੀ। 22 ਆਇਤ ਦੇ ਵਿੱਚ ਅਸੀਂ ਵੇਖਦੇ ਹਾਂ "ਆਦਮੀ ਸਾਡੇ ਵਿੱਚੋਂ ਇੱਕ ਵਰਗਾ ਹੋ ਗਿਆ ਹੈ, ਉਹ ਭਲੇ ਅਤੇ ਬੁਰੇ ਦੀ ਪਛਾਣ ਵਿੱਚ" ਇਸ ਨੂੰ ਸਾਨੂੰ ਅਵਿਸ਼ਵਾਸ ਦੇ ਵਿੱਚ ਜਾਂ ਤਰਕ ਦੇ ਦੁਆਰਾ ਨਹੀ ਲੈਣਾ ਚਾਹੀਦਾ ਪਰ ਸਾਨੂੰ ਇਸ ਨੂੰ ਪੂਰੀ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਜਿਵੇਂ ਪਹਿਲਾਂ ਵੀ ਗੱਲ ਕੀਤੀ ਗਈ ਹੈ ਕਿ ਇਹ ਭਲੇ ਅਤੇ ਬੁਰੇ ਦਾ ਮਾਪ ਨਹੀ ਹੈ ਪਰ ਇਹ ਹੈ ਤਰੀਕਾ ਜਿਸ ਦੇ ਦੁਆਰਾ ਇਹ ਲਿਆ ਗਿਆ ਹੈ, ਅਤੇ ਇਹ ਵਿਦਰੋਹ ਨੂੰ ਵਿਖਾਉਂਦਾ ਹੈ। ਇਸ ਪਰਖ ਵਿਚੋਂ ਹਾਰ ਕੇ, ਹੁਣ ਮਨੁੱਖ ਜੀਵਨ ਦੇ ਰੁੱਖ ਦਾ ਹੱਕਦਾਰ ਨਹੀ ਰਹਿ ਗਿਆ ਹੈ।

ਪਰਮੇਸ਼ਰ ਨੇ ਜੋ ਇਸ ਜੋੜੇ ਨੂੰ ਬਾਹਰ ਕੱਢਿਆ ਇਹ ਈਰਖਾ ਦੇ ਦੁਆਰਾ ਨਹੀ ਸੀ, ਕਿ ਜਿਵੇਂ ਸੱਪ ਨੇ ਕਿਹਾ ਸੀ ਕਿ ਪਰਮੇਸ਼ਰ ਸ਼ਾਇਦ ਉਨ੍ਹਾਂ ਤੋਂ ਕੁਝ ਚੰਗਾ ਰੱਖਣਾ ਚਾਹੁੰਦਾ ਸੀ। ਈ ਜੇ ਜੰਗ ਇਸ ਦਾ ਵਿਸਥਾਰ ਕਰਦੇ ਹਨ, "
ਉਸ ਨੂੰ ਖਾਣ ਦੇ ਦੁਆਰਾ ਉਹ ਸਦਾ ਜਿਉਣ ਵਾਲੀ ਸਥਿਤੀ ਦੇ ਵਿੱਚ ਪਹੁੰਚ ਜਾਂਦਾ, ਅਤੇ ਇਸ ਤੋਂ ਕਦੇ ਵੀ ਛੁਟਕਾਰਾ ਨਹੀ ਸੀ ਮਿਲ ਸਕਦਾ। ਇੱਕ ਜਨ ਜਦ ਪਾਪ ਅਤੇ ਮੌਤ ਦੇ ਵੱਸ ਵਿੱਚ ਹੈ ਅਤੇ ਜੇਕਰ ਉਹ ਸਦਾ ਜਿਉਂਦਾ ਰਹਿੰਦਾ ਹੈ

ਤਾਂ ਉਹ ਸਦੀਪਕ ਜੀਵਨ ਨਹੀ ਹੈ ਜੋ ਕਿ ਪਰਮੇਸ਼ਰ ਉਨ੍ਹਾਂ ਨੂੰ ਦਿੰਦਾ ਹੈ ਜੋ ਉਸ ਉੱਪਰ ਵਿਸ਼ਵਾਸ ਕਰਦੇ ਹਨ, ਪਰ ਇਸਦੀ ਬਜਾਇ ਇਹ ਸਦੀਪਕ ਮੌਤ ਹੈ। ਇਸ ਲਈ ਪਰਮੇਸ਼ਰ ਨੇ ਜੋ ਕੀਤਾ ਉਹ ਈਰਖਾ ਤੋਂ ਪ੍ਰਭਾਵਿਤ ਹੋ ਕੇ ਨਹੀ ਸੀ, ਪਰ ਇਹ ਉਸ ਦੇ ਡਿੱਗੇ ਹੋਏ ਮਨੁੱਖ ਦੇ ਪ੍ਰਤੀ ਪਿਆਰ ਤੋਂ ਚਾਹਤ ਤੋਂ ਕਿ ਅਖੀਰ ਵਿੱਚ ਉਹ ਉਸ ਨੂੰ ਬਚਾਵੇਗਾ"[26] ਪਰਮੇਸ਼ਰ ਨੇ ਦੂਤਾਂ ਨੂੰ ਅਦਨ ਦੇ ਬਾਗ ਦੇ ਅੱਗੇ ਪਹਿਰੇ ਤੇ ਲਾ ਦਿੱਤਾ ਕਿ ਉਹ ਮਨੁੱਖ ਨੂੰ ਇੱਥੇ ਪ੍ਰਵੇਸ਼ ਨਾ ਕਰਨ ਦੇਣ, ਕਿਉਂਕਿ ਉਹ ਜੀਵਨ ਦੇ ਰੁੱਖ ਤੋਂ ਖਾਣ ਲਈ ਤਿਆਰ ਸੀ ਭਾਵੇਂ ਕਿ ਉਹ ਨੂੰ ਇਸਦਾ ਕੋਈ ਹੱਕ ਨਹੀ ਸੀ। ਜੋ ਚਮਕਦਾਰ ਤਲਵਾਰ ਹੈ ਉਹ ਕ੍ਰੋਧ ਦਾ ਨਿਸ਼ਾਨ ਹੈ ਜੋ ਕਿ ਉਨ੍ਹਾਂ ਉੱਪਰ ਪਵੇਗਾ ਜੋ ਕਿ ਵਾਪਿਸ ਆਉਣ ਦੀ ਕੋਸ਼ਿਸ ਕਰਨਗੇ- ਤਲਵਾਰ ਜੋ ਕਿ ਨਿਆਂ ਦਾ ਚਿੰਨ੍ਹ ਹੈ।

ਮਿਹਨਤ ਆਦਰਯੋਗ ਹੈ। ਇਹ ਮਨੁੱਖਾਂ ਨੂੰ ਨੈਤਿਕ ਅਤੇ ਸ਼ਰੀਰਕ ਨਾਸ਼ ਤੋਂ ਬਚਾਉਂਦੀ ਹੈ। ਤੇ ਉਨ੍ਹਾਂ ਦੀ ਊਰਜਾ ਨੂੰ ਇਸਤੇਮਾਲ ਕਰਦੀ ਹੈ ਅਤੇ ਉਨ੍ਹਾਂ ਦੇ ਕੰਮ ਨੂੰ ਵਧਾਉਂਦੀ ਹੈ। ਭਾਵੇਂ ਕਿ ਮਨੁੱਖ ਬਾਗ ਤੋਂ ਵਰਜਿਆ ਗਿਆ ਹੈ ਪਰ ਉਸ ਨੂੰ ਨਰਕ ਵੀ ਨਹੀ ਦਿੱਤਾ ਗਿਆ ਹੈ। ਉਨ੍ਹਾਂ ਨੂੰ ਇਸ ਸੰਸਾਰ ਦੇ ਵਿੱਚ ਭੇਜਿਆ ਗਿਆ ਹੈ ਕਿ ਉਹ ਬੋਝ ਅਤੇ ਥਕਾ ਦੇਣ ਵਾਲੀ ਮਿਹਨਤ ਕਰਨ ਦੇ ਦੁਆਰਾ ਇਸ ਤੇ ਕਬਜ਼ਾ ਕਰਨ। ਇੱਥੇ ਹਰ ਇੱਕ ਸੰਸਕ੍ਰਿਤੀ ਦਾ ਪਹਿਲਾ ਸਿਧਾਂਤ ਦਿੱਤਾ ਗਿਆ ਹੈ। ਮਨੁੱਖੀ ਕਬਜ਼ਾ ਪੂਰੀ ਤਰ੍ਹਾਂ ਗੁਆਚ ਨਹੀ ਗਿਆ ਹੈ ਪਰ ਇਹ ਮਿਹਨਤ ਦੇ ਦੁਆਰਾ ਫੈਲਦਾ ਹੈ। (ਜਬੂਰ 8). . . . ਇਹ ਸੰਸਾਰ ਹਾਸੇ ਦੇ ਨਾਲ ਅਤੇ ਮੁਸਕਰਾਹਟ ਜੋ ਕਿ ਹੰਝੂਆਂ ਦੇ ਨਾਲ ਭਰਿਆ ਹੋਇਆ ਹੈ ਜੋ ਕਿ ਸਲੀਬ ਦੇ ਚਿੰਨ੍ਹ ਦੇ ਦੁਆਰਾ ਨਜ਼ਰ ਆਉਂਦਾ ਹੈ ਅਤੇ ਜੋ ਕਿ ਡਿੱਗਣ ਤੋਂ ਮਸੀਹ ਤੱਕ ਤੁਰੰਤ ਬਾਅਦ ਵਿੱਚ ਦਿੱਤਾ ਗਿਆ, ਜੋ ਕਿ ਦੁੱਖਾਂ ਦਾ ਮਨੁੱਖ ਸੀ ਕਿ ਉਹ ਬਚਾ ਸਕੇ ਤੇ ਕਬਜ਼ਾ ਕਰ ਸਕੇ।,[27]

5

# ਪਾਪ ਵਿੱਚ ਡਿੱਗਣ ਦੇ ਸਿੱਟੇ

ਇਸ ਤੋਂ ਪਹਿਲਾਂ ਕਿ ਅਸੀਂ ਮੁਕਤੀ ਦੇ ਕਿਰਪਾਲੂ ਵਾਇਦੇ ਦੇ ਵੱਲ ਜਾਂਦੇ ਤੇ ਮਨੁੱਖ ਦੇ ਪ੍ਰਤੀਉੱਤਰ ਨੂੰ ਵੇਖਦੇ ਹਾਂ, ਆਉ ਅਸੀਂ ਪਹਿਲਾਂ ਸੰਖੇਪ ਦੇ ਵਿੱਚ ਆਦਮ ਦੇ ਪਾਪ ਦੇ ਵਿੱਚ ਡਿੱਗਣ ਦੇ ਨਤੀਜੇ ਉਸਦੀਆਂ ਪੀੜ੍ਹੀਆਂ ਦੇ ਉੱਪਰ ਕੀ ਹੋਈਆਂ ਜੋ ਕਿ ਉਸਦੇ ਵਿੱਚੋਂ ਨਿਕਲੀਆਂ।28

ਪਹਿਲਾਂ ਸਾਡੇ ਮਾਤਾ ਪਿਤਾ ਇੱਕ ਅੰਦਰੂਨੀ ਅੰਦੋਲਨ ਦੇ ਵਿੱਚੋਂ ਦੀ ਗੁਜਰੇ। ਹੁਣ ਉਹ ਮਾਸੂਮ ਨਹੀ ਸੀ ਰਹਿ ਗਏ ਜਦ ਉਨ੍ਹਾਂ ਨੇ ਉਸ ਮਨ੍ਹਾਂ ਕੀਤੇ ਹੋਏ ਰੁੱਖ ਦਾ ਫਲ ਖਾ ਲਿਆ ਸੀ। ਉਹ ਉਸ ਅਸਲੀ ਧਾਰਮਿਕਤਾ ਨੂੰ ਗਵਾ ਚੁੱਕੇ ਸਨ ਜੋ ਕਿ ਉਨ੍ਹਾਂ ਦੇ ਹੱਥ ਵਿੱਚੋਂ ਪਰਮੇਸ਼ਰ ਦੀ ਵੱਲੋਂ ਆਈ ਸੀ। ਹੁਣ ਉਹ ਦੋਸ਼ੀ ਸਨ। ਇਸਦਾ ਅਰਥ ਹੈ ਕਿ ਸਜਾ ਦੇ ਯੋਗ ਸਨ, ਅਤੇ ਉਹ ਆਪਣੇ ਦਿਲਾਂ ਦੇ ਵਿੱਚ ਨੈਤਿਕ ਤੋਰ ਤੇ ਭ੍ਰਿਸਟ ਹੋ ਚੁੱਕੇ ਸਨ। ਇਸਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਜਦ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਉਹ ਨੰਗੇ ਹਨ। ਉਨ੍ਹਾਂ ਦੀ ਬਾਹਰੀ ਸ਼ਰਮ ਇਸ ਗੱਲ ਨੂੰ ਥੋੜਾ ਜਿਹਾ ਹੀ ਪ੍ਰਗਟ ਕਰ ਰਹੀ ਸੀ ਕਿ ਉਹ ਪਰਮੇਸ਼ਰ ਦੇ ਸਾਹਮਣੇ ਆਪਣੇ ਵਿਵੇਕ ਦੇ ਵਿੱਚ ਦੋਸ਼ੀ ਠਹਿਰ ਗਏ ਹਨ। ਅੱਜ ਅਸੀਂ ਇਸ ਸੱਚਾਈ ਦਾ ਕਿਵੇਂ ਸਾਹਮਣਾ ਕਰੀਏ ਕਿ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਦੇ ਵਿੱਚ ਲੋਕ ਆਂਦਮੀ ਔਰਤਾਂ ਸਮੁੰਦਰ ਦੇ ਕੰਢਿਆਂ ਦੇ ਉੱਪਰ ਨੰਗੇ ਹੋਏ ਰਹਿੰਦੇ ਹਨ ਅਤੇ ਉਹ ਬਿਲਕੁਲ ਹੀ ਸ਼ਰਮਿੰਦੇ ਨਹੀ ਹੁੰਦੇ ?

ਰੇਮੰਡ ਇਸ ਦਾ ਪ੍ਰਤੀਉੱਤਰ ਦਿੰਦੇ ਹਨ, "(ਜਿੱਥੇ ਆਦਮੀ ਅਤੇ ਔਰਤਾਂ ਅੱਜ ਕਿਤੇ ਵੀ ਇਵੇਂ ਲੱਗਦੇ ਹਨ ਕਿ ਉਹ ਪਾਪੀ ਹਨ ਪਰ ਉਹ ਆਪਣੇ ਨੰਗੇਜ ਦੇ ਉੱਪਰ ਕੋਈ ਸ਼ਰਮ ਮਹਿਸੂਸ ਨਹੀ ਕਰਦੇ, ਜਿੱਥੇ ਉਨ੍ਹਾਂ ਨੂੰ ਸ਼ਰਮ ਮਹਿਸੂਸ ਕਰਨੀ ਚਾਹੀਦੀ ਹੈ, ਇਸਦਾ ਅਰਥ ਇਹ ਨਹੀ ਕਿ ਉਹ ਪਾਪੀ ਨਹੀ ਹਨ; ਇਸਦਾ ਅਰਥ ਹੈ ਕਿ ਉਨ੍ਹਾਂ ਨੇ ਆਪਣੇ ਵਿਵੇਕ ਨੂੰ ਆਪਣੇ ਪਾਪਾਂ ਅਤੇ ਗਲਤ ਕੰਮਾਂ ਦੇ ਪ੍ਰਤੀ

ਦਾਗਿਆ ਹੋਇਆ ਹੈ – ਅਤੇ ਉਹ ਹੋਰ ਵੀ ਗੰਭੀਰ ਸਥਿਤੀ ਦੇ ਵਿੱਚ ਹਨ{ ਸਾਡੇ ਪਹਿਲੇ ਮਾਤਾ ਪਿਤਾ ਦੇ ਨਾਲੋਂ})”29

ਅਸੀਂ ਵੇਖਦੇ ਹਾਂ ਕਿ ਇਹ ਭ੍ਰਿਸਟਤਾ ਆਪਣੇ ਆਪ ਨੂੰ ਵਿਖਾਉਂਦੀ ਹੈ ਜਦ ਉਹ ਪਰਮੇਸ਼ਰ ਦੇ ਉਨ੍ਹਾਂ ਦੇ ਵਿਦਰੋਹ ਪ੍ਰਤੀ ਪ੍ਰਸ਼ਨਾ ਦਾ ਉੱਤਰ ਦਿੰਦੇ ਹਨ। ਉਹ ਸਿਰਫ ਆਪਣੀ ਵਿਅਕਤੀਗਤ ਜਿੰਮੇਵਾਰੀ ਨਹੀ ਲੈਂਦੇ ਹਨ, ਬਲਕਿ ਉਹ ਆਪਣੇ ਪਾਪ ਲਈ ਦੂਸਰੇ ਦੇ ਉੱਪਰ ਦੋਸ਼ ਲਾਉਂਦੇ ਹਨ। ਆਦਮ ਤਾਂ ਇੱਥੋਂ ਤੱਕ ਵੱਧ ਜਾਂਦਾ ਹੈ ਕਿ ਉਹ ਆਪਣੇ ਵਿਦਰੋਹ ਦਾ ਦੋਸ਼ ਪਰਮੇਸ਼ਰ ਤੇ ਲਗਾਉਣਾ ਸ਼ੁਰੂ ਕਰ ਦਿੰਦਾ ਹੈ, ਕਿਉਂਕਿ ਪਰਮੇਸ਼ਰ ਨੇ ਉਸ ਨੂੰ ਹਵਾ ਦਿੱਤੀ ਸੀ ਅਤੇ ਹਵਾ ਉਸ ਨੂੰ ਪਾਪ ਦੇ ਵੱਲ ਲੈ ਗਈ। ਹਵਾ ਵੀ ਆਪਣੇ ਪਤੀ ਦੇ ਅਧਿਕਾਰ ਨੂੰ ਹੜੱਪਣ ਨੂੰ ਨਹੀ ਮੰਨਦੀ ਹੈ ਸਗੋਂ ਉਹ ਸੱਪ ਦੇ ਉੱਪਰ ਦੋਸ਼ ਲਾਉਂਦੀ ਹੈ। ਹੁਣ ਉਹ ਦੋਵੇਂ ਪਾਪੀ ਹਨ ਅਤੇ ਉਨ੍ਹਾਂ ਦੇ ਕੰਮ ਇਸ ਨੂੰ ਪੂਰੀ ਤਰ੍ਹਾਂ ਪ੍ਰਗਟ ਕਰਦੇ ਹਨ।
ਦੂਸਰਾ ਨਤੀਜਾ ਇਹ ਹੋਇਆ ਕਿ ਆਦਮ ਅਤੇ ਹਵਾ ਹੁਣ ਇੱਕ ਮਨੁੱਖੀ ਸਮਾਜ ਵਿੱਚ ਇਕੱਠੇ ਰਹਿਣ ਵਾਲੇ ਇੱਕ ਦੂਸਰੇ ਦੀ ਚਿੰਤਾ ਕਰਨ ਦੀ ਜਗ੍ਹਾ ਤੇ ਵੰਡੇ ਗਏ ਹਨ, ਹੁਣ ਉਹ ਆਪਣਾ ਆਪਣਾ ਫਾਇਦਾ ਵੇਖ ਰਹੇ ਹਨ।

ਉਤਪਤ 3:8 ਵਿੱਚ ਸਾਨੂੰ ਇਹ ਨਹੀ ਦੱਸਿਆ ਗਿਆ ਹੈ ਕਿ ਉਨ੍ਹਾਂ ਨੇ ਆਪਣੇ ਆਪ ਨੂੰ ਲੁਕਾ ਲਿਆ ਹੈ ਪਰ ਇਬਰਾਨੀ ਦੇ ਵਿੱਚ ਇਹ ਹੈ “ਆਦਮੀ ਨੇ ਆਪਣੇ ਆਪ ਨੂੰ ਲੁਕਾ ਲਿਆ ਅਤੇ ਔਰਤ ਨੇ ਆਪਣੇ ਆਪ ਨੂੰ ਲੁਕਾ ਲਿਆ”। ਉਨ੍ਹਾਂ ਨੂੰ ਇਸ ਲਈ ਬਣਾਇਆ ਗਿਆ ਸੀ ਕਿ ਉਹ ਇੱਕ ਦੂਸਰੇ ਨੂੰ ਪਿਆਰ ਕਰਨ ਅਤੇ ਇਕ ਦੂਸਰੇ ਨਾਲ ਸੰਗਤੀ ਕਰਨ। ਹੁਣ ਇਹ ਪਾਪ ਦੇ ਦੁਆਰਾ ਟੁੱਟ ਗਿਆ ਸੀ। ਹੁਣ ਉਹ ਇੱਕ ਦੂਸਰੇ ਲਈ ਅਜਨਬੀ ਬਣ ਗਏ ਹਨ ਅਤੇ ਉਹ ਇੱਕ ਦੂਸਰੇ ਦੇ ਵੈਰੀ ਬਣ ਗਏ ਹਨ।

ਤੀਸਰੀ ਗੱਲ, ਸਾਡੇ ਕੋਲ ਇੱਥੇ ਬਹੁਤ ਸੁੰਦਰ ਤਸਵੀਰ ਹੈ ਕਿ ਉਹ ਪਰਮੇਸ਼ਰ ਦੇ ਨਾਲ ਬਾਗ ਵਿੱਚ ਪਰਮੇਸ਼ਰ ਦੀ ਸੰਗਤੀ ਦਾ ਅਨੰਦ ਉਠਾ ਰਹੇ ਸਨ, ਇਸ ਤੋਂ ਪਹਿਲਾਂ ਕਿ ਪਾਪ ਆਇਆ। ਹੁਣ ਇਹ ਸੰਗਤੀ ਟੁੱਟ ਗਈ ਸੀ। ਹੁਣ ਪਰਮੇਸ਼ਰ ਅਤੇ ਮਨੁੱਖ ਦੇ ਵਿੱਚ ਦੂਰੀ ਪੈ ਗਈ ਸੀ। ਪਰਮੇਸ਼ਰ ਦੀ ਦੂਰੀ ਪਵਿੱਤਰ ਸੀ, ਕਿਉਂਕਿ ਹੁਣ ਆਦਮੀ ਪਾਪੀ ਸੀ ਅਤੇ ਉਹ ਮੌਤ ਦਾ ਹੱਕਦਾਰ ਸੀ। ਮਨੁੱਖ ਦੀ ਦੂਰੀ ਅਪਵਿੱਤਰ ਸੀ ਅਤੇ ਅਧਰਮੀ ਸੀ, ਕਿਉਂਕਿ ਉਸ ਨੇ ਆਪਣੇ ਪਿਆਰੇ ਸ੍ਰਿਸਟੀਕਰਤਾ ਦੇ ਵਿਰੋਧ ਵਿੱਚ ਪਾਪ ਕੀਤਾ ਸੀ। ਇਹ ਟੁੱਟਾ ਰਿਸ਼ਤਾ ਇਸ ਗੱਲ ਤੋਂ ਨਜ਼ਰ ਆਉਂਦਾ ਹੈ ਕਿ ਮਨੁੱਖ ਪਰਮੇਸ਼ਰ ਦੀ ਹਜ਼ੂਰੀ ਤੋਂ ਬਾਹਰ ਕੱਢ ਦਿੱਤਾ ਗਿਆ ਹੈ ਅਤੇ ਉੱਥੇ ਦੂਤ ਚਮਕਦੀ ਤਲਵਾਰ ਨਾਲ ਖੜ੍ਹਾ ਕਰ ਦਿੱਤਾ ਗਿਆ ਹੈ। ਮਨੁੱਖ ਦੀ ਦੂਰੀ ਉਸਦੇ ਡਰ ਤੋਂ ਨਜ਼ਰ ਆਉਂਦੀ ਹੈ ਅਤੇ ਉਹ ਪਰਮੇਸ਼ਰ ਤੋਂ ਲੁਕਣ ਦੀ ਕੋਸ਼ਿਸ ਕਰ ਰਿਹਾ ਹੈ।

ਚੋਥੀ ਗੱਲ, ਮਨੁੱਖ ਦਾ ਵਾਤਾਵਰਣ ਸ਼ਰਾਪਿਤ ਹੋ ਗਿਆ ਸੀ- ਜਿਸ ਨੂੰ ਮੂਰੇ "ਬਰਿਮੰਡੀ ਵਿਕਾਸ" ਕਹਿੰਦਾ ਹੈ। ਹੁਣ ਭੁਮੀ ਕੰਢਿਆਲੀਆਂ ਝਾੜੀਆਂ ਅਤੇ ਊਟ ਕਟਾਰੇ ਪੈਦਾ ਕਰੇਗੀ। ਹੁਣ ਮਨੁੱਖ ਆਪਣੇ ਪਸੀਨੇ ਨੂੰ ਵਹਾ ਕੇ ਮਨੁੱਖ ਆਪਣਾ ਭੋਜਨ ਲੱਭੇਗਾ। ਪੋਲੁਸ ਦੇ ਰੋਮੀਆਂ ਦੀ ਪੋਥੀ ਦੇ ਵਿੱਚ ਸ਼ਬਦ ਇਸ ਸਥਿਤੀ ਦਾ ਬਿਆਨ ਕਰਦੇ ਹਨ:

"ਰੋਮ 8:20 ਕਿਉਂ ਜੋ ਸਾਰੀ ਸਰਿਸ਼ਟੀ ਅਨਰਥ ਦੇ ਅਧੀਨ ਕੀਤੀ ਗਈ, ਆਪਣੀ ਇੱਛਿਆ ਦੇ ਨਾਲ ਨਹੀਂ ਸਗੋਂ ਅਧੀਨ ਕਰਨ ਵਾਲੇ ਦੇ ਕਾਰਨ ਪਰ ਉਮੇਦ ਦੇ ਨਾਲ, ਇਸ ਲਈ ਜੋ ਸਰਿਸ਼ਟੀ ਆਪ ਵੀ ਬਿਨਾਸ ਦੀ ਗੁਲਾਮੀ ਤੋਂ ਛੁੱਟ ਕੇ ਪਰਮੇਸ਼ਰ ਦੇ ਬਾਲਕਾਂ ਦੀ ਵਡਿਆਈ ਦੀ ਅਜ਼ਾਦੀ ਨੂੰ ਪ੍ਰਾਪਤ ਕਰੇ। ਅਸੀਂ ਹੁਣ ਜਾਣਦੇ ਤਾਂ ਹਾਂ ਭਈ ਸਾਰੀ ਸਰਿਸ਼ਟੀ ਰਲ ਕੇ ਹੁਣ ਤੀਕ ਹਾਉਕੇ ਭਰਦੀ ਹੈ ਅਤੇ ਉਹ ਨੂੰ ਪੀੜਾ ਲੱਗੀਆਂ ਹੋਈਆਂ ਹਨ।

ਪੰਜਵੀ ਗੱਲ, ਉਹ ਆਪਣੇ ਸਵਿਧਾਨ ਦੇ ਵਿੱਚ ਸਮੱਸਿਆ ਆ ਗਈ ਹੈ। ਹਵਾ ਬੱਚਿਆ ਦੇ ਜਣਨ ਦੇ ਵਿੱਚ ਅਤੇ ਉਨ੍ਹਾਂ ਨੂੰ ਵੱਡਿਆਂ ਕਰਨ ਵਿੱਚ ਪੀੜਾ ਸਹੇਗੀ। ਹਵਾ ਦੀ ਚਾਹਤ ਆਪਣੇ ਪਤੀ ਪ੍ਰਤੀ ਹੋਵੇਗੀ ਅਤੇ ਪਾਪ ਦੇ ਕਾਰਣ ਉਸਦੇ ਰਾਜ ਦੇ ਅਧੀਨ ਦੁੱਖ ਸਹੇਗੀ। ਆਦਮ ਵੀ ਅਖੀਰ ਵਿੱਚ ਮਿੱਟੀ ਦੇ ਦੁਆਰਾ ਲੈ ਲਿਆ ਜਾਵੇਗਾ ਅਤੇ ਉਹ ਮੌਤ ਨੂੰ ਵੇਖੇਗਾ। ਇਸ ਮੌਤ ਦੀ ਦਸ਼ਾ ਦੇ ਵਿੱਚ ਜਦ ਉਹ ਜੀ ਵੀ ਰਹੇ ਸਨ, ਅਖੀਰ ਦੇ ਵਿੱਚ ਉਹ ਦੋਵੇਂ ਸ਼ਰੀਰਕ ਤੋਰ ਤੇ ਮਰਨਗੇ। ਉਹ ਪਰਮੇਸ਼ਰ ਤੋਂ ਦੂਰੀ ਦਾ ਵੀ ਦੁੱਖ ਉਠਾਉਣਗੇ ਅਤੇ ਬਾਗ ਵਿੱਚੋਂ ਬਾਹਰ ਕੱਢੇ ਜਾਣਗੇ। ਜੇਕਰ ਬਰਕਤ ਦਾ ਅਰਥ ਪਰਮੇਸ਼ਰ ਦੇ ਨਾਲ ਸੰਗਤੀ ਦੇ ਵਿੱਚ ਰਹਿਣਾ ਹੈ ਤਾਂ ਸ਼ਰਾਪ ਉਸਦੀ ਹਜੂਰੀ ਵਿੱਚੋਂ ਦੂਰ ਜਾਣਾ ਹੈ।

ਛੇਵੀਂ ਗੱਲ ਆਦਮ ਦੇ ਪਾਪ ਦੀ ਵਜ੍ਹਾ ਦੇ ਨਾਲ ਹੁਣ ਸੰਸਾਰ ਸ਼ੈਤਾਨ ਦੀ ਤਾਕਤ ਦੇ ਅਧੀਨ ਰਹੇਗਾ। ਬੈਵਨਿਕ ਕਹਿੰਦਾ ਹੈ, "ਕਿਉਂਕਿ ਸ਼ੈਤਾਨ ਨੇ ਮਨੁੱਖਤਾ ਨੂੰ ਭਰਮਾਇਆ ਅਤੇ ਉਹ ਪਾਪ ਨੂੰ ਲੈ ਕੇ ਆਇਆ (ਯੂਹੰਨਾਂ 8:44; 2 ਕੁਰਿੰ 11:3; 1 ਤਿਮੋ 2:14; ਪ੍ਰਕਾਸ਼ ਦੀ ਪੋਥੀ 12:9,14-14;20,2,10),

ਸੰਸਾਰ ਉਸਦੀ ਤਾਕਤ ਦੇ ਅਧੀਨ ਹੈ, ਅਤੇ ਇਵੇਂ ਹੀ ਇਹ ਉਸ ਦੁਸਟ ਦੇ ਅਨੁਸਾਰ ਕਰਦਾ ਹੈ....ਉਹ ਸੰਸਾਰ ਦਾ ਰਾਜਕੁਮਾਰ ਹੈ ਅਤੇ ਉਹ ਇਸ ਜੁੱਗ ਦਾ ਦੇਵਤਾ ਹੈ। (ਯੂਹੰਨਾਂ 12:31, 16:11; 2 ਕੁਰਿੰ 4:4)" 30
ਪਰਮੇਸ਼ਰ ਬਣਨ ਦੀ ਥਾਂ ਤੇ ਮਨੁੱਖ ਇੱਕ ਗੁਲਾਮ ਬਣ ਗਿਆ! ਮਨੁੱਖ ਇਸ ਸੰਸਾਰ ਦੇ ਦੇਵਤਾ ਦੇ ਅਧੀਨ ਹੈ, ਅਤੇ ਉਸਦੀ ਤਾਕਤ ਤੇ ਇੱਕ ਮਨੁੱਖ ਜਿੱਤ ਪਾ ਨਹੀ ਸਕਦਾ ਹੈ।

ਅਖੀਰ ਦੇ ਵਿੱਚਮ ਆਦਮੀ ਇੱਕ ਬਹੁਤ ਹੀ ਤਰਸਦਾਇਕ ਹਾਲਤ ਦੇ ਵਿੱਚ ਪਹੁੰਚ ਗਿਆ। ਕਿਉਂਕਿ ਹੁਣ ਉਹ ਪਾਪੀ ਹਨ ਅਤੇ ਆਪਣੇ ਮਨਾਂ ਦੇ ਵਿੱਚ ਭ੍ਰਿਸਟ ਹਨ ਅਤੇ ਉਹ ਹੁਣ ਸਿਰਫ ਇੱਕ ਹੀ ਕੰਮ ਕਰ ਸਕਦੇ ਹਨ ਅਤੇ ਉਹ ਹੈ ਪਾਪ। ਪਰਮੇਸ਼ਰ ਪਵਿੱਤਰ ਹੈ ਅਤੇ ਇਸ ਲਈ ਉਹ ਹਰ ਇੱਕ ਚੀਜ ਨੂੰ ਘ੍ਰਿਣਾ ਕਰਦਾ ਹੈ ਜੋ ਕਿ ਉਸਦੇ ਪਵਿੱਤਰ ਸੁਭਾਅ ਦੇ ਉਲਟ ਹੈ। ਮਨੁੱਖ ਸ਼ੈਤਾਨ ਦੀ ਗੁਲਾਮੀ ਦੇ ਅਧੀਨ ਹੈ। ਜੇਕਰ ਇੱਕ ਮਨੁੱਖ ਨੇ ਬਚਣਾ ਹੋਵੇ, ਤਾਂ ਇਸਦਾ ਹਲ ਸਿਰਫ ਇੱਕ ਥਾਂ ਤੋਂ ਆ ਸਕਦਾ ਹੈ ਅਤੇ ਉਹ ਹੈ ਪਰਮੇਸ਼ਰ। ਅਖੀਰ ਦੇ ਵਿੱਚ ਅਸੀਂ ਖੁਸ਼ਖਬਰੀ ਦੇ ਪਹਿਲੇ ਵਾਇਦੇ ਦੇ ਕੋਲ ਪਹੁੰਚਦੇ ਹਾਂ ਜੋ ਕਿ ਉਤਪਤ 3:15 ਦੇ ਵਿੱਚ ਹੈ।

6

# ਪਰਮੇਸ਼ਰ ਦਾ ਅਨੋਖਾ ਵਾਇਦਾ ਅਤੇ ਮਨੁੱਖ ਦਾ ਜਬਾਬ

**ਉਤਪਤ ੩:੧੫** ਅਤੇ ਤੇਰੇ ਅਤੇ ਤੀਵੀਂ ਵਿੱਚ ਅਤੇ ਤੇਰੀ ਸੰਤਾਨ ਅਤੇ ਤੀਂਵੀ ਦੀ ਸੰਤਾਨ ਦੇ ਵਿੱਚ ਮੈਂ ਵੈਰ ਪਾਵਾਂਗਾ। ਉਹ ਤੇਰੇ ਸਿਰ ਨੂੰ ਫੇਵੇਂਗਾ ਅਤੇ ਤੂੰ ਉਹ ਦੀ ਅੱਡੀ ਨੂੰ ਡੰਗ ਮਾਰੇਂਗਾ।

ਆਦਮ ਨੇ ਆਪਣੇ ਪਾਪ ਦੇ ਦੁਆਰਾ ਮਨੁੱਖਤਾ ਨੂੰ ਪਾਪ ਅਤੇ ਤਰਸ ਦੀ ਸਥਿਤੀ ਵਿੱਚ ਪਹੁੰਚਾ ਦਿੱਤਾ ਸੀ। ਉਹ ਸਿਰਫ ਦੋਸ਼ੀ ਹੀ ਨਹੀ ਸੀ ਬਲਕਿ ਉਹ ਪੂਰੀ ਤਰ੍ਹਾਂ ਭ੍ਰਿਸਟ ਵੀ ਸੀ। ਆਦਮ ਦਾ ਪਾਪ ਦੇ ਦੁਆਰਾ ਜਿਵੇਂ ਕਿ ਅਸੀਂ ਪੋਲੁਸ ਤੋਂ ਰੋਮ 5:12–19 ਵਿੱਚ ਸਿੱਖਦੇ ਹਾਂ ਕਿ ਉਸਦੀ ਸਾਰੀ ਸੰਤਾਨ ਵੀ ਭਿਰਸਟ ਹੋ ਗਈ। ਇਸਦਾ ਅਰਥ ਹੈ ਕਿ ਮਨੁੱਖ ਪਰਮੇਸ਼ਰ ਨੂੰ ਕਿਸੇ ਵੀ ਤਰੀਕੇ ਨਾਲ ਖੁਸ਼ ਨਹੀ ਕਰ ਸਕਦਾ ਹੈ ਕਿਉਂਕਿ ਉਸਦੇ ਸਾਰੇ ਕੰਮਾਂ ਤੇ ਪਾਪਾਂ ਦਾ ਦਾਗ ਲੱਗਾ ਹੋਇਆ ਹੈ। ਉਹ ਹੁਣ ਆਪਣੇ ਆਪ ਨੂੰ ਬਚਾਉਣ ਵਾਸਤੇ ਕੁਝ ਵੀ ਨਹੀ ਕਰ ਸਕਦਾ ਹੈ। ਜੇਕਰ ਇਸ ਨੂੰ ਪੂਰੀ ਤਰ੍ਹਾ ਵੇਖਿਆ ਜਾਵੇ ਤਾਂ ਉਹ ਸਭ ਕੁਝ ਸ਼ੈਤਾਨ ਜੋ ਕਿ ਇਸ ਸੰਸਾਰ ਦਾ ਦੇਵਤਾ ਹੈ, ਦੇ ਅਧੀਨ ਕਰਦਾ ਹੈ। ਹੁਣ ਪਰਮੇਸ਼ਰ ਉਸ ਤੋਂ ਦੂਰ ਹੈ ਅਤੇ ਉਹ ਪਰਮੇਸ਼ਰ ਤੋਂ ਦੂਰ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਇਤਹਾਸ ਇੱਥੇ ਖਤਮ ਹੋ ਗਿਆ ਹੈ, ਕਿਉਂਕਿ ਕੋਈ ਵੀ ਹੁਣ ਮਨੁੱਖ ਨੂੰ ਬਚਾ ਨਹੀ ਸਕਦਾ ਹੈ।
ਜੋ ਮਨੁੱਖ ਲਈ ਅਸੰਭਵ ਲੱਗਦਾ ਹੈ ਉਹ ਪਰਮੇਸ਼ਰ ਲਈ ਸੰਭਵ ਹੈ। ਧੰਨਵਾਦ ਹੋਵੇ ਪਰਮੇਸ਼ਰ ਦਾ ਕਿ ਇਤਹਾਸ ਤਾਂ ਹਾਲੇ ਸ਼ੁਰੂ ਹੀ ਹੋ ਰਿਹਾ ਹੈ ਅਤੇ ਸਾਡੇ ਕੋਲ ਇੱਕ ਜਲਾਲੀ ਅੰਤ ਹੋਵੇਗਾ।

ਸ਼ੈਤਾਨ ਨੇ ਪਰਮੇਸ਼ਰ ਦੀ ਵਧੀਆ ਸ੍ਰਿਸਟੀ ਨੂੰ ਪਰਮੇਸ਼ਰ ਨਾਲ ਦੁਸ਼ਮਨੀ ਪਵਾ ਕੇ ਨਾਸ਼ ਕਰਨ ਦੀ ਕੋਸ਼ਿਸ ਕੀਤੀ। ਉਸ ਨੇ ਇਹ ਇਸ ਤਰੀਕੇ ਨਾਲ ਭਰਮ ਪਾ ਕੇ ਕੀਤਾ ਕਿ ਪਰਮੇਸ਼ਰ ਉਨ੍ਹਾਂ ਤੋਂ ਕੁਝ ਵਧੀਆ ਲੁਕਾ ਕੇ ਰੱਖ ਰਿਹਾ ਹੈ, ਅਤੇ ਉਹ ਅਣਆਗਿਆਕਾਰੀ ਦੇ ਦੁਆਰਾ ਆਪਣੇ ਆਪ ਦੇ ਹੀ ਦੇਵਤਾ ਬਣ ਸਕਦੇ ਹਨ।

ਸ਼ੈਤਾਨ ਦੇ ਤਰੀਕੇ ਬਦਲੇ ਨਹੀ ਹਨ। ਉਹ ਹਾਲੇ ਵੀ ਵੰਡਦਾ ਹੈ ਅਤੇ ਨਾਸ਼ ਕਰਦਾ ਹੈ।

ਆਦਮ ਨੂੰ ਪਰਮੇਸ਼ਰ ਨੂੰ ਪਿਆਰ ਕਰਨਾ ਚਾਹੀਦਾ ਸੀ ਅਤੇ ਉਨ੍ਹਾਂ ਸਭ ਨੂੰ ਨਫਰਤ ਕਰਨਾ ਸੀ ਜੋ ਪਰਮੇਸ਼ਰ ਦਾ ਵਿਰੋਧ ਕਰਦੇ ਸੀ, ਪਰ ਹੁਣ ਪਾਪ ਤੋਂ ਬਾਅਦ ਉਹ ਉਸ ਨੂੰ ਪਿਆਰ ਕਰਦਾ ਸੀ ਜਿਸ ਨੂੰ ਉਸ ਨੂੰ ਨਫਰਤ ਕਰਨਾ ਸੀ ਅਤੇ ਉਸ ਨੂੰ ਨਫਰਤ ਕਰਦਾ ਸੀ ਜਿਸ ਨੂੰ ਉਸ ਨੂੰ ਪਿਆਰ ਕਰਨਾ ਸੀ। ਜੇਕਰ ਮਨੁੱਖ ਨੇ ਬਚਣਾ ਸੀ ਤਾਂ ਉਸ ਨੂੰ ਪਰਮੇਸ਼ਰ ਨੂੰ ਪਿਆਰ ਕਰਨਾ ਸਿੱਖਣਾ ਪੈਣਾ ਸੀ ਅਤੇ ਬੁਰਾਈ ਨੂੰ ਨਫਰਤ ਕਰਨਾ ਸਿੱਖਣਾ ਪੈਣਾ ਸੀ। ਕਿਉਂਕਿ ਮਨੁੱਖ ਭ੍ਰਿਸਟ ਹੈ ਅਤੇ ਉਹ ਇਹ ਕਰ ਨਹੀ ਸਕਦਾ ਹੈ।

ਇੱਥੇ ਅਸੀਂ ਇੱਕ ਈਸ਼ਵਰੀ ਕੰਮ ਦੀ ਜਰੂਰਤ ਨੂੰ ਵੇਖਦੇ ਹਾਂ ਜੇਕਰ ਮਨੁੱਖ ਨੇ ਬਚਣਾ ਹੋਵੇ। ਪਰਮੇਸ਼ਰ ਮਨੁੱਖ ਨੂੰ ਇੱਕ ਨਵਾਂ ਦਿਲ ਦੇਵੇਗਾ ਜੋ ਕਿ ਬੁਰਾਈ ਨੂੰ ਨਫਰਤ ਕਰੇਗਾ ਅਤੇ ਦੁਸਟ ਨੂੰ ਵੀ। ਮਨੁੱਖ ਨੂੰ ਕੋਈ ਵੀ ਹੁਕਮ ਨਹੀ ਹੈ ਕਿ ਉਹ ਦੁਸਟ ਨੂੰ ਨਫਰਤ ਕਰੇ ਕਿਉਂਕਿ ਸੁਭਾਅ ਤੋਂ ਇਸਦੀ ਪਾਲਣਾ ਕਰ ਨਹੀ ਸਕਦਾ ਹੈ। ਨਾ ਹੀ ਇਹ ਬੁਰਾਈ ਨੂੰ ਨਫਰਤ ਕਰਨ ਦਾ ਉਤਸ਼ਾਹ ਹੈ। ਸਗੋਂ ਇੱਥੇ ਇੱਕ ਵਾਇਦਾ ਹੈ ਕਿ ਉਹ ਮਨੁੱਖ ਨੂੰ ਬਦਲ ਦੇਵੇਗਾ ਕਿ ਉਹ ਮਨੁੱਖ ਦੁਸਟ ਨੂੰ ਨਫਰਤ ਕਰੇ। ਖੁਸ਼ਖਬਰੀ ਦਾ ਪਹਿਲਾ ਵਾਇਦਾ ਸਿੱਧਾ ਸਾਡੇ ਪਹਿਲੇ ਮਾਤਾ ਪਿਤਾ ਨੂੰ ਨਹੀ ਦਿੱਤਾ ਗਿਆ ਪਰ ਇਹ ਅਸਿੱਧੇ ਤੋਰ ਤੇ ਸੀ ਕਿਉਂਕ ਪਰਮੇਸ਼ਰ ਇੱਥੇ ਸੱਪ ਨੂੰ ਸਜ਼ਾ ਸੁਣਾਉਂਦਾ ਹੈ ਜੋ ਕਿ ਸ਼ੈਤਾਨ ਦਾ ਹਥਿਆਰ ਸੀ। ਜੇਕਰ ਪਰਮੇਸ਼ਰ ਨੇ ਇਹ ਕੰਮ ਨਾ ਕੀਤਾ ਹੁੰਦਾ ਤਾਂ ਮਨੁੱਖਤਾ ਲਈ ਕੋਈ ਵੀ ਆਸ ਨਾ ਹੁੰਦੀ।

ਹੁਣ ਆਦਮ ਅਤੇ ਹਵਾ ਪਵਿੱਤਰ ਆਤਮਾ ਦੇ ਨਵੇਂ ਜਨਮ ਦੇ ਦੁਆਰਾ ਅਤੇ ਨਵੇਂ ਵਿਸ਼ਵਾਸ ਦੇ ਪੈਦਾ ਹੋਣ ਦੇ ਦੁਆਰਾ ਵੇਖ ਸਕਦੇ ਹਾਂ ਕਿ ਸ਼ੈਤਾਨ ਕੀ ਹੈ. ਉਹ ਝੂਠਾ ਹੈ, ਅਤੇ ਉਨ੍ਹਾ ਨੇ ਉਸ ਦੇ ਪਿੱਛੇ ਚੱਲ ਕੇ ਸਿੱਟਿਆਂ ਨੂੰ ਭੁਗਤਿਆ ਹੈ। ਉਹ ਬਰਕਤ ਦਾ ਅਹਿਸਾਸ ਕਰਦੇ ਹਨ ਉਸ ਸਮੇਂ ਵੀ ਜਦ ਉਹ ਸ਼ੈਤਾਨ ਨੂੰ ਚੁੱਪ ਕੀਤੇ ਪਰਮੇਸ਼ਰ ਤੋਂ ਸਜ਼ਾ ਸੁਣਦੇ ਵੇਖਦੇ ਹਨ। ਆਦਮ ਅਤੇ ਹਵਾ ਦੇ ਕੋਲ ਹੱਕ ਸੀ ਕਿ ਉਹ ਪਰਮੇਸ਼ਰ ਦੇ ਨਾਲ ਗੱਲ ਕਰ ਸਕਣ, ਭਾਵੇਂ ਕਿ ਉਨ੍ਹਾਂ ਦੀਆ ਸਫਾਈਆ ਜੋ ਉਨ੍ਹਾਂ ਨੇ ਆਪਣੇ ਬਾਰੇ ਦਿੱਤੀਆ ਸਨ ਉਹ ਸ਼ਰਮਨਾਕ ਸਨ। ਸ਼ੈਤਾਨ ਪੂਰੀ ਧਰਤੀ ਦੇ ਨਿਆਈਂ ਦੇ ਸਾਹਮਣੇ ਚੁੱਪ ਹੈ।

ਪਰਮੇਸ਼ਰ ਸਾਡੇ ਪਹਿਲੇ ਮਾਤਾ ਪਿਤਾ ਦੇ ਮਨ ਦੇ ਵਿੱਚ ਵੈਰ ਪਾਉਂਦਾ ਹੈ ਕਿ ਉਹ ਸਾਫ ਤਰੀਕੇ ਨਾਲ ਵੇਖ ਸਕਣ ਕਿ ਉਨ੍ਹਾਂ ਨੂੰ ਕਿਸ ਨੂੰ ਨਫਰਤ ਕਰਨੀ ਚਾਹੀਦੀ ਹੈ। ਔਰਤ ਨੇ ਸੱਪ ਨਾਲ ਇਵੇਂ ਗੱਲ ਕੀਤੀ ਸੀ ਜਿਵੇਂ ਉਹ ਉਸਦਾ ਸੱਚਾ ਮਿੱਤਰ ਹੋਵੇ। ਸੱਪ ਜੋ ਕਿ ਸ਼ੈਤਾਨ ਦਾ ਹਥਿਆਰ ਸੀ, ਨੂੰ ਇਸ ਵੈਰ ਦੀ ਲੋੜ ਨਹੀ ਸੀ ਕਿਉਂਕਿ ਉਸ ਅੰਦਰ ਤਾਂ ਪਹਿਲਾਂ ਹੀ ਇਹ ਸੀ।

ਯਾਦ ਕਰੋ ਕਿ ਪਾਪ ਸਾਨੂੰ ਪਰਮੇਸ਼ਰ ਤੋਂ ਦੂਰ ਕਰਦਾ ਹੈ (ਯਸਾਯਹ 59:2) ਅਤੇ ਉਹ ਦੂਰੀ ਸਾਡੇ ਮਾਤਾ ਪਿਤਾ ਵਿੱਚ ਪ੍ਰਗਟ ਹੁੰਦੀ ਹੈ ਜਦ ਉਨ੍ਹਾਂ ਨੂੰ ਬਾਗ ਵਿੱਚੋਂ ਬਾਹਰ ਕੱਢ ਦਿੱਤਾ ਗਿਆ। ਅਤੇ ਵਾਪਿਸ ਆਉਣ ਦਾ ਰਸਤਾ ਦੂਤ ਦੇ ਦੁਆਰਾ ਅਤੇ ਇੱਕ ਚਮਕਦਾਰ ਤਲਵਾਰ ਦੇ ਦੁਆਰਾ ਰੋਕਿਆ ਗਿਆ। ਪਰ ਇਸ ਤੋਂ ਪਹਿਲਾਂ ਸਾਡੇ ਮਾਤਾ ਪਿਤਾ ਆਪਣੇ ਵਿਦਰੋਹ ਦੇ ਕਾਰਣ ਉਹ ਜਗ੍ਹਾ ਛੱਡ ਕੇ ਜਾਂਦੇ ਉਨ੍ਹਾਂ ਨੂੰ ਵਾਇਦਾ ਮਿਲਿਆ ਕਿ ਉਹ ਪਰਮੇਸ਼ਰ ਦੁਆਰਾ ਬਚਾਏ ਜਾਣਗੇ। ਸ਼ੈਤਾਨ ਪ੍ਰਤੀ ਵੈਰ ਪਰਮੇਸ਼ਰ ਨੇ ਪਹਿਲਾ ਹੀ ਪਾ ਦਿੱਤਾ ਸੀ।

ਔਰਤ ਦਾ ਬੀਜ ਕੌਣ ਹੈ ਅਤੇ ਸੱਪ ਦਾ ਬੀਜ ਕੌਣ ਹੈ? ਇਹ ਉਨ੍ਹਾਂ ਸਭ ਲੋਕਾਂ ਲਈ ਹੈ ਜੋ ਵਿਸ਼ਵਾਸੀ ਹਨ ਅਤੇ ਜਿੰਨਾਂ ਦਾ ਵੈਰ ਸ਼ੈਤਾਨ ਦੇ ਨਾਲ ਹੈ। ਸੱਪ ਦਾ ਬੀਜ ਅਵਿਸ਼ਵਾਸੀ ਹਨ ਜੋ ਸ਼ੈਤਾਨ ਦੇ ਪਿੱਛੇ ਚੱਲਦੇ ਹਨ। ਯੂਹੰਨਾਂ 2:44 ਵਿੱਚ ਸ਼ੈਤਾਨ ਦੇ ਬੀਜ ਨੂੰ ਪਛਾਣਿਆ ਗਿਆ ਹੈ:

**ਯੂਹੰਨਾਂ ੮:੪੪** ਤੁਸੀਂ ਆਪਣੇ ਪਿਤਾ ਸ਼ੈਤਾਨ ਤੋਂ ਹੋ, ਅਤੇ ਤੁਸੀਂ ਆਪਣੇ ਪਿਤਾ ਦੀਆਂ ਕਾਮਨਾਵਾਂ ਪੂਰੀਆ ਕਰਦੇ ਹੋ। ਉਹ ਸ਼ੁਰੂ ਤੋਂ ਹੀ ਖ਼ੂਨੀ ਹੈ, ਅਤੇ ਉਹ ਸੱਚ ਵਿੱਚ ਨਹੀ ਵੱਸਦਾ ਹੈ ਕਿਉਂਕਿ ਸੱਚ ਉਸ ਵਿੱਚ ਹੈ ਨਹੀ; ਜਦ ਉਹ ਝੂਠ ਬੋਲਦਾ ਹੈ, ਉਹ ਆਪਣੇ ਤੋਂ ਬੋਲਦਾ ਹੈ ਕਿਉਂਕਿ ਉਹ ਝੂਠਾ ਹੈ ਅਤੇ ਝੂਠਿਆਂ ਦਾ ਪਿਤਾ ਹੈ।

ਜੰਗ ਲਿਖਦਾ ਹੈ, " ਹੋ ਸਕਦਾ ਹੈ ਪਰ ਇਹ ਸ਼ਬਦ ਉਸ ਨਾਲੋਂ ਵੱਡਾ ਹੈ; ਇਹ ਬੁਰਾਈ ਦਾ ਰਾਜ ਹੈ ਜਿਸ ਉੱਪਰ ਸ਼ੈਤਾਨ ਰਾਜ ਕਰਦਾ ਹੈ। ਇਸ ਵਿੱਚ ਦੁਸਟ ਆਤਮਾਵਾਂ ਵੀ ਹਨ, ਡਿੱਗੇ ਹੋਏ ਫਰਿਸ਼ਤੇ ਵੀ ਹਨ, ਅਤੇ ਉਹ ਸਭ ਵੀ ਹਨ ਜੋ ਕਿ ਸ਼ੈਤਾਨ ਦੀ ਮਰਜ਼ੀ ਨੂੰ ਪਰਮੇਸ਼ਰ ਦੇ ਵਿਰੋਧ ਵਿੱਚ ਪੂਰਾ ਕਰਦੇ ਹਨ"। 31 ਸ਼ੈਤਾਨ ਪਹਿਲਾਂ ਹਵਾ ਦੇ ਕੋਲ ਗਿਆ, ਇਸ ਲਈ ਇਹ ਗੱਲ ਮੁੱਖ ਹੈ ਕਿ ਉਸਦੇ ਬੀਜ ਦੇ ਵਿੱਚੋਂ ਪਰਮੇਸ਼ਰ ਦੇ ਮੁੱਖ ਦੁਸ਼ਮਨ ਦੀ ਹਾਰ ਆਵੇਗੀ।

ਫਿਰ ਅਸੀਂ ਇਹ ਸਿੱਖਦੇ ਹਾਂ ਕਿ ਬੀਜਾਂ ਦੇ ਵਿੱਚ ਇਹ ਯੁੱਧ ਪੂਰੇ ਇਤਹਾਸ ਦੇ ਵਿੱਚ ਹੋਵੇਗੀ ਅਤੇ ਬਾਈਬਲ ਇਸ ਦੁਸ਼ਮਨੀ ਦਾ ਲੇਖਾ ਹੈ। ਕਾਇਨ ਨੇ ਧਰਮੀ ਹਾਬਲ ਨੂੰ ਮਾਰਿਆ। ਏਸਾਉ ਯਾਕੂਬ ਨੂੰ ਮਾਰਨ ਦੀ ਕੋਸ਼ਿਸ ਕਰੇਗਾ। ਸ਼ਾਊਲ ਦਾਉਦ ਦਾ ਪਿੱਛਾ ਕਰੇਗਾ ਜੋ ਕਿ ਪਰਮੇਸ਼ਰ ਦੇ ਦਿਲ ਦੇ ਅਨੁਸਾਰ ਵਿਅਕਤੀ ਸੀ। ਇਹ ਇਸ ਚੱਲ ਰਹੀ ਲੜਾਈ ਦੀਆਂ ਕੁਝ ਉਦਹਾਰਣਾ ਹਨ। ਇਸ ਲੜਾਈ ਦਾ ਅਖੀਰਲਾ ਹਿੱਸਾ ਇੱਕ ਵਿਅਕਤੀ ਦੇ ਰੂਪ ਵਿੱਚ ਆਵੇਗਾ ਜੋ ਸ਼ੈਤਾਨ ਨੂੰ ਕੁਚਲੇਗਾ ਅਤੇ ਉਹ ਖੁਦ ਇੱਕ ਜਖਮ ਝੱਲੇਗਾ। ਇਹ ਯੋਧਾ ਮਨੁੱਖਤਾ ਵਿੱਚੋਂ ਪੈਦਾ ਹੋਵੇਗਾ। ਇਸ ਲਈ ਉਹ ਔਰਤ ਦਾ ਬੀਜ ਹੋਵੇਗਾ, ਇਹ ਉਹ ਹੈ ਜਿਸ ਅੰਦਰ ਕੋਈ ਪਾਪ ਨਹੀ ਹੈ ਜੋ ਉਸ ਨੂੰ ਰੱਦ ਸਕੇ। ਜੇਕਰ ਇੱਕ ਪਾਪੀ ਜੇਤੂ ਬਣ ਸਕੇ ਤਾਂ ਆਦਮ ਪੂਰੀ

ਤਰ੍ਹਾ ਇਹ ਕਰ ਸਕਦਾ ਸੀ। ਇਹ ਪੁਰਾਣੇ ਨੇਮ ਦੀ ਮਸੀਹਾ ਦੇ ਵਾਸਤੇ ਪਹਿਲੀ ਭਵਿੱਖਬਾਣੀ ਸੀ।

ਕੌਣ ਹੈ ਇਹ ਵਿਅਕਤੀ ਜੋ ਇੱਸ ਸ਼ਰਾਪ ਨੂੰ ਰਦ ਕਰੇਗਾ ਜਿਸ ਤੋਂ ਸਾਰੀ ਮਨੁੱਖਤਾ ਦੁੱਖ ਝੱਲ ਰਹੀ ਹੈ? ਬਾਈਬਲ ਸਾਨੂੰ ਉਸਦੇ ਬਾਰੇ ਵਿੱਚ ਵੱਧਦਾ ਜਾਣ ਵਾਲਾ ਪ੍ਰਕਾਸ਼ ਦਿੰਦੀ ਹੈ। ਅਸੀਂ ਜਾਣ ਪਾਉਂਦੇ ਹਾਂ ਕਿ ਉਹ ਅਬਰਾਹਾਮ ਦਾ ਬੀਜ ਹੋਵੇਗਾ (ਗਲਾਤੀਆਂ 3;16) ਅਤੇ ਉਹ ਯਹੂਦਾ ਦੇ ਕਬੀਲੇ ਤੋਂ ਹੋਵੇਗਾ, ਦਾਊਦ ਦੇ ਘਰਾਣੇ ਤੋਂ। ਸਾਨੂੰ ਬਾਅਦ ਵਿੱਚ ਦੱਸਿਆ ਗਿਆ ਹੈ ਕਿ ਇਹ ਜਿੱਤ ਉਸਦੇ ਬਹੁਤ ਦੁੱਖਾਂ ਨੂੰ ਝੱਲਣ ਤੋਂ ਆਵੇਗੀ (ਯਸਾਯਹ 53) ਅਸੀਂ ਉਤਪਤ ਤੋਂ ਸਿੱਖਿਆ ਭਾਵੇਂ ਕਿ ਉਹ ਸ਼ੈਤਾਨ ਨੂੰ ਹਰਾਵੇਗਾ, ਪਰ ਇਹ ਖੁੱਦ ਦੁੱਖ ਉਠਾਉਣ ਤੋਂ ਬਿਨਾਂ ਨਹੀ ਆਵੇਗੀ।

ਜਦ ਅਸੀਂ ਨਵੇਂ ਨੇਮ ਨੂੰ ਵੇਖਦੇ ਹਾਂ ਅਸੀਂ ਵੇਖਦੇ ਹਾਂ ਯਿਸੂ ਮਸੀਹ ਮਸੀਹਾ ਦੇ ਬਾਰੇ ਜੋ ਲਿਖਿਆ ਹੈ ਉਸ ਨੂੰ ਪੂਰਾ ਕਰਦੇ ਹਨ। ਉਹ ਇਸ ਸੰਸਾਰ ਦੇ ਵਿੱਚ ਆਇਆ ਕਿ ਉਹ ਸਾਡੇ ਵੈਰੀ ਦੇ ਨਾਲ ਮਨੁੱਖੀ ਜੰਗ ਵਿੱਚ ਸਾਹਮਣੇ ਆਵੇ, ਜੋ ਕਿ ਸਾਡੇ ਪਹਿਲੇ ਮਾਤਾ ਪਿਤਾ ਦਾ ਨਾਸ਼ਕ ਸੀ ਅਤੇ ਉਸਨੇ ਇਹ ਭਰਮਾਉਣ ਦੇ ਦੁਆਰਾ ਕਤਿਾ। ਯਿਸੂ ਬਹੁਤ ਜਲਦੀ ਹੀ ਜਦ ਉਹ ਆਪਣੇ ਕੰਮ ਦੇ ਵਿੱਚ ਲੱਗਾ ਉਸਦਾ ਸਾਹਮਣਾ ਉਜਾੜ ਦੇ ਵਿੱਚ ਪੁਰਾਣੇ ਵੈਰੀ ਨਾਲ ਹੋਇਆ। ਯਿਸੂ ਬਾਗ ਦੇ ਵਿੱਚ ਨਹੀ ਹੈ, ਪਰ ਉਹ ਉਜਾੜ ਦੇ ਵਿੱਚ ਹੈ, ਅਤੇ ਇਹ ਨਤੀਜ਼ਾ ਹੈ ਜੋ ਕਿ ਪਾਪ ਦੇ ਕਾਰਣ ਸ਼ਰਾਪ ਤੋਂ ਹੋਇਆ ਹੈ। ਉਹ ਹਰ ਤਰ੍ਹਾਂ ਦੇ ਫਲਾਂ ਦੇ ਰੁੱਖਾਂ ਦੇ ਨਾਲ ਘਿਰਿਆ ਹੋਇਆ ਨਹੀ ਹੈ ਜਿਵੇਂ ਸਾਡੇ ਪਹਿਲੇ ਮਾਤਾ ਸਨ ਪਰ ਇਸਦੀ ਬਜਾਇ ਉਹ ਚਾਲੀ ਦਿਨ ਦੇ ਵਰਤ ਤੋਂ ਬਾਅਦ ਭੁੱਖਾ ਸੀ। ਸ਼ੈਤਾਨ ਨੇ ਆ ਕੇ ਉਸ ਨੂੰ ਪਰਤਾਇਆ ਕਿ ਉਹ ਪਿਤਾ ਦੇ ਇੰਤਜਾਮ ਦੇ ਉੱਪਰ ਭਰੋਸਾ ਨਾ ਕਰੇ ਜਿਵੇਂ ਉਸ ਨੇ ਕਾਮਯਾਬੀ ਦੇ ਨਾਲ ਹਵਾ ਨੂੰ ਪਰਤਾਇਆ ਸੀ।

ਯਿਸੂ ਨੂੰ ਪਰਤਾਇਆ ਗਿਆ ਕਿ ਉਹ ਪਰਮੇਸ਼ਰ ਨੂੰ ਮੰਦਰ ਦੀ ਚੋਟੀ ਤੋਂ ਛਾਲ ਮਾਰ ਕੇ ਪਰਤਾਵੇ ਤਾਂ ਕਿ ਉਹ ਬਹੁਤ ਸਾਰਿਆਂ ਨੂੰ ਪਿੱਛੇ ਲਾ ਸਕੇ। ਹਵਾ ਨੇ ਉਹ ਫਲ ਖਾਧਾ  ਇਸ ਸੋਚਦੇ ਹੋਏ ਕਿ ਪਰਮੇਸ਼ਰ ਸਜ਼ਾ ਨਹੀ ਦੇਣਗੇ। ਇਸ ਦੀ ਬਜਾਇ ਉਸ ਨੇ ਸ਼ੈਤਾਨ ਨੂੰ ਪਰਮੇਸ਼ਰ ਦਾ ਵਚਨ ਬੋਲ ਕੇ ਚੁੱਪ ਕਰਵਾਇਆ। ਅਖੀਰ ਦੇ ਵਿੱਚ, ਯਿਸੂ ਨੂੰ ਪਰਤਾਇਆ ਗਿਆ ਕਿ ਉਹ ਸ਼ੈਤਾਨ ਦੀ ਆਰਾਧਨਾ ਕਰੇ, ਤਾਂ ਕਿ ਉਹ ਇਸ ਸੰਸਾਰ ਦੇ ਰਾਜਾਂ ਨੂੰ ਲੈ ਸਕੇ। ਇੱਕ ਵਾਰ ਫਿਰ ਸਾਡਾ ਮੁਕਤੀਦਾਤਾ ਉਸ ਨੂੰ ਚੁੱਪ ਕਰਵਾਉਂਦਾ ਹੈ, ਇਸ ਜਵਾਬ ਦੇ ਨਾਲ ਕਿ ਸਿਰਫ ਇੱਕ ਹੀ ਹੈ ਜਿਸਦੀ ਆਰਾਧਨਾ ਕਰਨੀ ਚਾਹੀਦੀ ਹੈ ਅਤੇ ਉਹ ਹੈ ਜਿਉਂਦਾ ਪਰਮੇਸ਼ਰ। ਇਹ ਆਦਮ ਅਤੇ ਹਵਾ ਨਾਲੋਂ ਕਿੰਨਾਂ ਅਲੱਗ ਸੀ ਜਿੰਨਾਂ ਨੇ ਸ਼ੈਤਾਨ ਦੀ ਆਰਾਧਨਾ ਕਰਕੇ

ਪਰਮੇਸ਼ਰ ਵਰਗੇ ਬਣਨਾ ਚਾਹਿਆ! ਪਰ ਯੁੱਧ ਖਤਮ ਨਹੀ ਹੋਇਆ ਹੈ। ਬਾਈਬਲ ਦੱਸਦੀ ਹੈ ਕਿ ਸ਼ੈਤਾਨ ਕੁਝ ਸਮੇਂ ਵਾਸਤੇ ਉਸ ਤੋਂ ਦੂਰ ਚਲਿਆ ਗਿਆ।

ਸ਼ੈਤਾਨ ਦੇ ਉੱਪਰ ਜਿੱਤ ਪਾਉਣ ਵਾਸਤੇ ਉਸ ਨੂੰ ਸਾਡੇ ਪਾਪਾਂ ਦਾ ਸਾਹਮਣਾ ਕਰਨਾ ਪਿਆ। ਅਸੀਂ ਪਾਪੀ ਸੀ ਅਤੇ ਅਸੀਂ ਪਰਮੇਸ਼ਰ ਦੇ ਕਨੂੰਨਾਂ ਨੂੰ ਨਹੀ ਸੀ ਮੰਨਿਆਂ। ਯਿਸੂ ਨੇ ਸਿੱਧ ਧਾਰਮਿਕਤਾ ਨੂੰ ਕਨੂੰਨਾਂ ਦੀ ਆਗਆਕਾਰੀ ਕਰ ਕੇ ਪੂਰਾ ਕੀਤਾ। ਕੋਈ ਵੀ ਉਸ ਨੂੰ ਪਾਪ ਦੇ ਵਿਖੇ ਦੋਸ਼ੀ ਨਹੀ ਠਹਿਰਾ ਸਕਿਆ। (ਯੂਹੰਨਾਂ 8:46) ਇਹੀ ਕਾਰਣ ਸੀ ਕਿ ਉਹ ਸ਼ਰਾ ਦੇ ਅਧੀਨ ਪੈਦਾ ਹੋਇਆ। ਉਹ ਸ਼ਰਾ ਨੂੰ ਅਤੇ ਨਬੀਆਂ ਨੂੰ ਰੱਦਣ ਵਾਸਤੇ ਨਹੀ ਆਇਆਂ, ਪਰ ਉਨ੍ਹਾਂ ਨੂੰ ਪੂਰਾ ਕਰਨ ਵਾਸਤੇ ਆਇਆ। ( ਮਤੀ 5:17-18) ਉ ਧਰਮ ਦੇ ਵਿਖੁ ਸ਼ਰਾ ਦੀ ਸੰਪੂਰਣਤਾਈ ਸੀ। (ਰੋਮ 10:4) ਉਹ ਆਪਣੇ ਲੋਕਾਂ ਦੀ ਥਾਂ ਤੇ ਮਰਿਆ, ਉਸ ਨੇ ਜੋ ਕ੍ਰੋਧ ਉਨ੍ਹਾਂ ਲਈ ਰੱਖਿਆ ਸੀ ਉਸ ਨੂੰ ਖੁਦ ਸਹਿ ਲਿਆ, ਅਤੇ ਉਹ ਬਹੁਤਿਆਂ ਲਈ ਨਿਸਤਾਰਾ ਬਣਿਆ। (ਮਤੀ 20:28, ਮਰਕੁਸ 10:45)
ਜਿਵੇਂ ਸ਼ੈਤਾਨ ਨੇ ਮਨੁੱਖਤਾ ਨੂੰ ਮਿਟਾਉਣ ਵਾਸਤੇ ਹਵਾ ਤੱਕ ਪਹੁੰਚ ਕੀਤੀ, ਯਿਸੂ ਇੱਕ ਕੁਆਰੀ ਦੇ ਦੁਆਰਾ ਪੈਦਾ ਹੋਇਆ। ਪਰਮੇਸ਼ਰ ਸ਼ੈਤਾਨ ਨੂੰ ਉਸ ਦੇ ਬੀਜ ਦੇ ਦੁਆਰਾ ਮਾਰੇਗਾ। ਸਾਡੇ ਮਾਤਾ ਪਿਤਾ ਨੂੰ ਮਨ੍ਹਾਂ ਕੀਤੇ ਹੋਏ ਰੁੱਖ ਦੇ ਉੱਪਰ ਧਿਆਨ ਲਗਾਉਣ ਦੇ ਦੁਆਰਾ ਪਾਪ ਆਇਆ, ਇਸੇ ਤਰਾਂ ਸਲੀਬ ਦੇ ਰੁੱਖ ਦੇ ਰਾਹੀਂ ਸ਼ੈਤਾਨ ਨੂੰ ਇੱਕ ਮਨੁੱਖੀ ਜਖਮ ਮਿਲਿਆ।

ਯਿਸੂ ਇਸ ਸੰਸਾਰ ਦੇ ਵਿੱਚ ਸ਼ੈਤਾਨ ਦੇ ਕੰਮਾਂ ਦਾ ਨਾਸ਼ ਕਰਨ ਵਾਸਤੇ ਆਇਆ। ਹੇਠ ਲਿਖੇ ਅਧਿਆਏ ਇਹ ਵਿਖਾਉਂਦੇ ਹਨ ਕਿ ਸਲੀਬ ਜਰੂਰੀ ਕਿਉਂ ਸੀ:

**ਯੂਹੰਨਾਂ ੧੨:੩੧** ਸੰਸਾਰ ਦਾ ਹੁਣ ਨਿਆਂ ਹੈ: ਹੁਣ ਇਸ ਸੰਸਾਰ ਦਾ ਰਾਜਕੁਮਾਰ ਬਾਹਰ ਕੱਢ ਦਿੱਤਾ ਜਾਵੇਗਾ।

**੧ ਯੂਹੰਨਾਂ ੩:੮** ਜੋ ਪਾਪ ਕਰਦਾ ਹੈ ਉਹ ਸ਼ੈਤਾਨ ਤੋਂ ਹੈ, ਕਿਉਂਕਿ ਉਹ ਮੱਢੋਂ ਹੀ ਪਾਪ ਕਰਦਾ ਆਇਆ ਹੈ। ਇਸੇ ਲਈ ਪਰਮੇਸ਼ਰ ਦਾ ਪੁੱਤਰ ਪ੍ਗਟ ਹੋਇਆ ਕਿ ਉਹ ਸ਼ੈਤਾਨ ਦੇ ਕੰਮਾਂ ਦਾ ਨਾਸ਼ ਕਰੇ।

**ਇਬਰਾਨੀਆਂ ੨:੧੪** ਜਿਵੇਂ ਬਾਲਕ ਮਾਸ ਅਤੇ ਲਹੂ ਵਿੱਚ ਸਾਂਝੀ ਹੁੰਦੇ ਹਨ ਇਸੇ ਤਰ੍ਹਾਂ ਉਹ ਵੀ ਭਿਆਲ ਬਣਿਆ; ਤਾਂ ਕਿ ਮੌਤ ਦੇ ਰਾਹੀਂ ਉਹ ਉਸਦਾ ਜਿਸ ਦੇ ਵੱਸ ਵਿੱਚ ਮੌਤ ਹੈ ਅਰਥਾਤ ਸ਼ੈਤਾਨ ਦਾ ਨਾਸ਼ ਕਰੇ। ਅਤੇ ਉਨ੍ਹਾਂ ਨੂੰ ਛੁਡਾਵੇ ਜੋ ਮੌਤ ਦੇ ਕਾਰਣ ਸਾਰਾ ਜੀਵਨ ਗੁਲਾਮੀ ਵਿੱਚ ਦਿਨ ਕੱਟਦੇ ਹਨ।

ਸਾਡੇ ਮੁਕਤੀਦਾਤਾ ਦਾ ਕੰਮ ਸੀ ਕਿ ਉਹ ਸ਼ਰਾਪ ਦੇ ਸਾਰੇ ਪ੍ਭਾਵ ਨੂੰ ਖਤਮ ਕਰੇ। ਇਸ ਦੇ ਦੁਆਰਾ ਮਨੁੱਖ ਬਹਾਲ ਕੀਤਾ ਜਾਵੇਗਾ, ਹੁਣ ਉਹ ਪਰਮੇਸ਼ਰ ਦੇ ਰੂਪ ਤੇ

ਨਵਾਂ ਕੀਤਾ ਜਾਵੇਗਾ- ਗਿਆਨ, ਧਰਮ ਅਤੇ ਪਵਿੱਤਰਤਾ ਦੇ ਵਿੱਚ। (ਅਫਸੀਆਂ 4:24, ਕੁਲ 3:10) ਉਹ ਮਨੁੱਖਾਂ ਅਤੇ ਔਰਤਾਂ ਦੇ ਪਾਪ ਹਟਾ ਕੇ, ਉਨ੍ਹਾਂ ਦੀ ਕੀਮਤ ਚੁਕਾ ਕੇ ਅਤੇ ਉਨ੍ਹਾਂ ਨੂੰ ਸਿੱਧ ਧਾਰਮਿਕਤਾ ਦੇ ਕੇ ਪਰਮੇਸ਼ਰ ਦੀ ਸੰਗਤੀ ਦੇ ਵਿੱਚ ਲਿਆਉਂਦਾ ਹੈ। ਹੁਣ ਉਹ ਜੋ ਉਸਦੀ ਦੇਹ ਦੇ ਨਾਲ ਸ਼ਰੀਕ ਹੋ ਗਏ ਹਨ ਉਨ੍ਹਾਂ ਨੂੰ ਉਹ ਇੱਕ ਦੂਸਰੇ ਦੇ ਅੰਗ ਬਣਾਉਂਦਾ ਹੈ। ਉਹ ਸਾਰੀ ਸ੍ਰਿਸਟੀ ਨੂੰ ਨਵਾਂ ਕਰੇਗਾ। ਉਹ ਛੇਤੀ ਹੀ ਸ਼ੈਤਾਨ ਨੂੰ ਉਨ੍ਹਾਂ ਦੇ ਪੈਰਾਂ ਦੇ ਹੇਠ ਕਰੇਗਾ। (ਰੋਮ 16:20) ਪਾਪੀ ਇਸ ਜਿੱਤ ਦੇ ਫਲਾਂ ਦਾ ਅਨੁਭਵ ਕਿਵੇਂ ਕਰਦੇ ਹਨ? ਜਦ ਉਹ ਉਸ ਨਾਲ ਵਿਸ਼ਵਾਸ ਦੇ ਦੁਆਰਾ ਜੁੜ ਜਾਂਦੇ ਹਨ। ਵਿਸ਼ਵਾਸ ਦੇ ਵਿੱਚ ਉਨ੍ਹਾਂ ਦਾ ਕੋਈ ਵੀ ਯੋਗਦਾਨ ਜਾਂ ਪਰਮੇਸ਼ਰ ਨਾਲ ਸਹਿਯੋਗ ਨਹੀ ਹੈ, ਪਰ ਇਹ ਇੱਕ ਤਰੀਕਾ ਹੈ ਜਿਸ ਦੇ ਨਾਲ ਉਹ ਮਸੀਹ ਦੀ ਜਿੱਤ ਦਾ ਫਾਇਦਾ ਲੈਂਦੇ ਹਨ। ਵਿਸ਼ਵਾਸ ਖੁਦ ਮਸੀਹ ਦੇ ਨਿਸਤਾਰੇ ਦੇ ਕੰਮ ਦੇ ਦੁਆਰਾ ਆਉਂਦਾ ਹੈ ਅਤੇ ਇਹ ਪਵਿੱਤਰ ਆਤਮਾ ਦੇ ਦੁਆਰਾ ਲਾਗੂ ਹੁੰਦਾ ਹੈ। ਆਤਮਾ ਉਸ ਦੁਆਰਾ ਭੇਜਿਆ ਜਾਂਦਾ ਹੈ ਕਿ ਉਹ ਉਨ੍ਹਾਂ ਨੂੰ ਨਵਾਂ ਜਨਮ ਦੇਵੇ ਅਤੇ ਉਨ੍ਹਾਂ ਦੇ ਅੰਦਰ ਵਿਸ਼ਵਾਸ ਅਤੇ ਤੋਬਾ ਪੈਦਾ ਕਰੇ ਤਾਂ ਕਿ ਉਹ ਮਹਿਮਾ ਵਾਲੀ ਖੁਸ਼ਖਬਰੀ ਦੇ ਉਪਹਾਰ ਨੂੰ ਲੈ ਸਕਣ। ਸਿਰਫ ਵਿਸ਼ਵਾਸ ਦੇ ਦੁਆਰਾ ਇਹ ਹੈ, ਕਿਉਂਕਿ ਵਿਸ਼ਵਾਸ ਦਾ ਅਰਥ ਹੈ ਪਰਮੇਸ਼ਰ ਤੇ ਭਰੋਸਾ ਕਰਨਾ ਅਤੇ ਉਸ ਦੇ ਵਚਨ ਦੇ ਅਨੁਸਾਰ ਉਸ ਨੂੰ ਲੈਣਾ। ਜਦ ਲੋਕ ਪਰਮੇਸ਼ਰ ਦੇ ਵਚਨ ਦੇ ਉੱਪਰ ਵਿਸ਼ਵਾਸ ਨਹੀ ਕਰਦੇ ਹਨ ਤਾਂ ਉਹ ਅਵਿਸ਼ਵਾਸ ਦੇ ਵਿੱਚ ਜਾਂਦੇ ਹਨ। ਪਰਮੇਸ਼ਰ ਦੇ ਉੱਪਰ ਵਿਸ਼ਵਾਸ ਕਰਨ ਦੇ ਦੁਆਰਾ ਹੀ ਉਹ ਬਚਾਏ ਜਾਣਗੇ। ਇਹ ਇਸ ਤੋਂ ਸਾਧਾਰਣ ਨਹੀ ਸੀ ਹੋ ਸਕਦਾ, ਪਰ ਬਹੁਤ ਸਾਰੇ ਲੋਕ ਇਸ ਤੋਂ ਠੋਕਰ ਖਾਂਦੇ ਹਨ। ਜੇਕਰ ਤੁਸੀਂ ਇਸ ਤੇ ਸੋਚੋ, ਜੇਕਰ ਅਸੀਂ ਇਸ ਦੇ ਵਾਸਤੇ ਇੱਕ ਪੈਸਾ ਵੀ ਦੇਣਾ ਹੁੰਦਾ ਤਾਂ ਅਸੀਂ ਮਸੀਹ ਦੀ ਧਾਰਮਿਕਤਾ ਨੂੰ ਆਪਣੇ ਪਾਪਾਂ ਨਾਲ ਖਰਾਬ ਕਰ ਦਿੰਦੇ। ਮੁਕਤੀ ਸ਼ੁਰੂ ਤੋਂ ਲੈ ਕੇ ਅੰਤ ਤੱਕ ਪ੍ਰਭੂ ਦੀ ਹੀ ਹੈ (ਯੂਨਾਹ 2:9) ਸਾਡੇ ਮੁਕਤੀਦਾਤਾ ਦਾ ਕੰਮ ਉੱਥੋਂ ਤੱਕ ਜਾਂਦਾ ਹੈ ਜਿੱਥੋ ਤੱਕ ਸ਼ਰਾਪ ਪਾਇਆ ਜਾਂਦਾ ਹੈ। ਕਿਹੋ ਜਿਹਾ ਮੁਕਤੀਦਾਤਾ। ਹਾਲਲੂਯਾਹ! ਇਸ ਪੁਰਾਣੇ ਭਜ਼ਨ ਦੇ ਸ਼ਬਦਾਂ ਤੇ ਧਿਆਨ ਕਰੋ:

ਸੰਸਾਰ ਨੂੰ ਖੁਸ਼ੀ ਹੋਵੇ! ਪ੍ਰਭੂ ਆ ਗਿਆ ਹੈ; ਸਾਰੀ ਧਰਤੀ ਰਾਜ਼ੇ ਨੂੰ ਸਵੀਕਾਰ ਕਰੇ,
ਹਰ ਇੱਕ ਦਿਲ ਉਸ ਦੇ ਵਾਸਤੇ ਜਗ੍ਹਾ ਤਿਆਰ ਕਰੇ,
ਸਵਰਗ ਅਤੇ ਕੁਦਰਤ ਗਾਵੇ,
ਅਤੇ ਸਵਰਗ ਅਤੇ ਕੁਦਰਤ ਗਾਵੇ,
ਅਤੇ ਸਵਰਗ ਅਤੇ ਕੁਦਰਤ ਗਾਵੇ,
ਹੁਣ ਪਾਪ ਅਤੇ ਦੁੱਖ ਹੋਰ ਨਾ ਵਧਣ,
ਕੋਈ ਕੰਡਾ ਧਰਤੀ ਨੂੰ ਨਾ ਚੁਭੇ,
ਉਹ ਆਇਆ ਕਿ ਉਸਦੀ ਬਰਕਤ ਵਹੇ,
ਜਿੱਥੋਂ ਤੱਕ ਸ਼ਰਾਪ ਪਾਇਆ ਜਾਂਦਾ ਹੈ,

ਜਿੱਥੋਂ ਤੱਕ ਸ਼ਰਾਪ ਪਾਇਆ ਜਾਂਦਾ ਹੈ,
ਜਿੱਥੋਂ ਤੱਕ ਸ਼ਰਾਪ ਪਾਇਆ ਜਾਂਦਾ ਹੈ।

ਪਰਮੇਸ਼ਰ ਨੇ ਨਾ ਸਿਰਫ ਉਨ੍ਹਾਂ ਨੂੰ ਆਉਣ ਵਾਲੇ ਛੁਟਕਾਰੇ ਦੇਣ ਵਾਲਾ ਦਾ ਅਨੋਖਾ ਵਾਇਦਾ ਦਿੱਤਾ, ਪਰ ਉਹ ਉਸ ਨੇ ਖੁਦ ਸਾਡੇ ਮਾਤਾ ਪਿਤਾ ਨੂੰ ਕੱਪੜੇ ਪਹਿਨਾਏ ਜੋ ਕਿ ਉਸ ਦੇ ਪੁੱਤਰ ਦੀ ਧਾਰਮਿਕਤਾ ਦੇ ਦੁਆਰਾ ਢੱਕਣਾ ਦਾ ਚਿੰਨ੍ਹ ਸੀ।

**ਉਤਪਤ ੩:੨੧** ਆਦਮ ਅਤੇ ਹਵਾ ਲਈ ਪਰਮੇਸ਼ਰ ਯਹੋਵਾਹ ਨੇ ਜਾਨਵਰ ਦੀ ਚਮੜੀ ਦੇ ਕੱਪੜੇ ਬਣਾਏ ਅਤੇ ਉਨ੍ਹਾਂ ਨੂੰ ਪਵਾਏ।

ਅਸੀਂ ਵੇਖਦੇ ਹਾਂ ਕਿ ਲਹੂ ਵਹਾਏ ਜਾਣ ਤੋਂ ਬਿਨਾਂ ਪਾਪਾਂ ਦੀ ਮਾਫੀ ਨਹੀ ਹੈ। (ਇਬਰਾਨੀਆਂ 9:22) ਸਿਰਫ ਪਰਮੇਸ਼ਰ ਸਾਡੇ ਪਾਪਾਂ ਨੂੰ ਢੱਕਣ ਦੇ ਵਾਸਤੇ ਸਹੀ ਵਸਤੂ ਦੇ ਸਕਦਾ ਹੈ। ਵਾਚਾ ਦਾ ਨਾਮ ਵੇਖੋ, ਪ੍ਰਭੂ ਇਸ ਆਇਤ ਵਿੱਚ ਇਸਤੇਮਾਲ ਕੀਤਾ ਗਿਆ ਹੈ। ਇਹ ਕਿੱਡੀ ਅਨੋਖੀ ਗੱਲ ਹੈ, ਇਹ ਵੇਖਣ ਦੇ ਦੁਆਰਾ ਕਿ ਆਦਮ ਨੇ ਅਸਲ ਦੇ ਵਿੱਚ ਪਹਿਲਾਂ ਵਾਚਾ ਨੂੰ ਤੋੜਿਆ ਸੀ। ਹੁਣ ਇੱਥੇ ਪਰਮੇਸ਼ਰ ਇੱਕ ਹੋਰ ਵਾਚਾ ਦੇ ਵਿੱਚ ਪ੍ਰਵੇਸ਼ ਕਰਦਾ ਹੈ ਜੋ ਕਿ ਅਬਰਾਹਾਮ ਦੇ ਨਾਲ ਜਾ ਕੇ ਪੂਰੀ ਹੋਵੇਗੀ, ਇਹ ਹੈ ਕਿਰਪਾ ਦੀ ਵਾਚਾ। ਇਸ ਵਾਇਦੇ ਦੇ ਵਿੱਚ ਪਰਮੇਸ਼ਰ ਉਨ੍ਹਾਂ ਸਭ ਜਰੂਰੀ ਗੱਲਾਂ ਨੂੰ ਪੂਰਾ ਕਰੇਗਾ ਜੋ ਕਿ ਇਸ ਨੂੰ ਪੂਰਾ ਕਰਨ ਵਾਸਤੇ ਜਰੂਰੀ ਹਨ, ਇਹ ਵਾਚਾ ਦੇ ਕੰਮਾਂ ਦੇ ਦੁਆਰਾ ਨਹੀ ਹੈ, ਜਿੱਥੇ ਮਨੁੱਖ ਨੂੰ ਆਪਣੀ ਵਿਅਕਤੀਗਤ ਅਤੇ ਸਿੱਧ ਆਗਿਆਕਾਰੀ ਦੇ ਦੁਆਰਾ ਪੂਰਾ ਕਰਨਾ ਸੀ।

**ਉਤਪਤ ੩:੨੦** ਅਤੇ ਆਦਮ ਨੇ ਆਪਣੀ ਪਤਨੀ ਨੂੰ ਹਵਾ ਕਿਹਾ, ਕਿਉਂਕਿ ਉਹ ਸਭ ਜਿਉਂਦਿਆ ਦੀ ਮਾਤਾ ਸੀ।

ਆਦਮ ਜਿਸ ਨੇ ਥੋੜੀ ਦੇਰ ਪਹਿਲਾਂ ਹਵਾ ਤੇ ਦੋਸ਼ ਲਾਇਆ ਸੀ ਕਿ ਉਹ ਉਸ ਨੂੰ ਪਾਪ ਦੇ ਵਿੱਚ ਲੈ ਕੇ ਗਈ, ਉਸ ਨੇ ਪਰਮੇਸ਼ਰ ਨੂੰ ਵੀ ਦੋਸ਼ੀ ਠਹਿਰਾਇਆ ਸੀ ਕਿ ਉਸ ਨੇ ਉਸ ਨੂੰ ਹਵਾ ਦਿੱਤੀ ਸੀ, ਹੁਣ ਉਹ ਹਵਾ ਨੂੰ ਸਭ ਜਿਉਂਦਿਆਂ ਦੀ ਮਾਤਾ ਕਹਿ ਕੇ ਬੁਲਾਉਂਦਾ ਹੈ। ਅਸਲ ਦੇ ਵਿੱਚ ਉਹ ਸਭ ਜਿਉਂਦਿਆ ਦੀ ਮਾਤਾ ਹੋਵੇਗੀ ਕਿਉਂਕਿ ਉਹ ਨਾ ਸਿਰਫ ਸੰਤਾਨ ਪੈਦਾ ਕਰੇਗੀ ਬਲਕਿ ਉਹ ਮਸੀਹਾ ਨੂੰ ਵੀ ਇਸ ਸੰਸਾਰ ਦੇ ਵਿੱਚ ਲਿਆਵੇਗੀ। ਆਦਮ ਕੰਮਾਂ ਦੀ ਵਾਚਾ ਦਾ ਮੁਖੀ ਸੀ ਇਸ ਲਈ ਕਈ ਇਹ ਵਿਸ਼ਵਾਸ ਕਰਦੇ ਹਨ ਕਿ ਉਹ ਬਚਾਇਆ ਨਹੀ ਜਾ ਸਕਦਾ ਹੈ। ਆਦਮ ਉਸ ਮਨਾਹੀ ਦੇ ਵਿੱਚ ਸਾਡਾ ਪ੍ਰਤੀਨਿਧੀ ਸੀ, ਪਰ ਇੱਕ ਵਾਰ ਜਦ ਉਹ ਹਾਰ ਗਿਆ, ਹੁਣ ਉਹ ਮੁਖੀ ਨਹੀ ਰਹਿ ਗਿਆ। ਜੇਕਰ ਆਦਮ ਬਚਾਇਆ ਨਾ ਜਾਂਦਾ, ਇਸ ਦਾ ਅਰਥ ਹੈ ਕਿ ਮਸੀਹ ਦਾ ਕੰਮ ਉੱਥੋਂ ਤੱਕ ਨਹੀ ਪਹੁੰਚ ਪਾਉਂਦਾ ਜਿੱਥੋਂ ਤੱਕ ਸ਼ਰਾਪ ਗਿਆ ਸੀ। ਧੰਨਵਾਦ ਹੋਵੇ ਪਰਮੇਸ਼ਰ ਦਾ ਕਿ ਇਹ ਪਹੁੰਚਦਾ ਹੈ।

ਉਤਪਤ 2 ਸੱਪ ਦੇ ਨਾਲ ਖੁੱਲਦੀ ਹੈ ਪਰ ਸਾਡੇ ਮੁਕਤੀਦਾਤਾ ਦੇ ਦੁਆਰਾ ਉਸਦੇ ਵਿਨਾਸ਼ ਦੇ ਵਾਇਦੇ ਦੇ ਦੁਆਰਾ ਮਹਿਮਾ ਵਾਲੇ ਢੰਗ ਨਾਲ ਸਮਾਪਤ ਹੁੰਦੀ ਹੈ। ਸਾਡੇ ਪਹਿਲੇ ਮਾਤਾ ਪਿਤਾ ਬਾਗ ਵਿੱਚੋਂ ਬਾਹਰ ਚਲੇ ਜਾਂਦੇ ਹਨ, ਜਿਸ ਵਿੱਚ ਸ਼ੈਤਾਨ ਕਦੇ ਪ੍ਵੇਸ਼ ਨਹੀ ਕਰ ਸਕਦਾ। ਪਿਆਰੇ ਮਿੱਤਰ ਜੇਕਰ ਤੁਸੀਂ ਮਸੀਹ ਦੇ ਕੋਲ ਸ਼ਰਨ ਲਈ ਨਹੀ ਜਾਂਦੇ ਹੋ ਤਾਂ ਤੁਸੀਂ ਹਾਲੇ ਵੀ ਕ੍ਰੋਧ ਅਤੇ ਸ਼ਰਾਪ ਦੇ ਅਧੀਨ ਹੋ। ਜੇਕਰ ਤੁਸੀਂ ਇਵੇਂ ਹੀ ਰਹਿੰਦੇ ਹੋ ਤਾਂ ਤੁਸੀਂ ਨਾਸ਼ ਹੋ ਜਾਵੋਗੇ ਕਿਉਂਕਿ ਕੋਈ ਹੋਰ ਮੁਕਤੀਦਾਤਾ ਨਹੀ ਹੈ ਜਿਸ ਨੂੰ ਪਰਮੇਸ਼ਰ ਨੇ ਮੁਹੱਈਆ ਕੀਤਾ। ਦੇਰੀ ਕੀਤਾ ਬਿਨਾਂ ਉਸ ਕੋਲ ਆਉ, ਆਪਣੇ ਪਾਪਾਂ ਤੋਂ ਸਾਫ ਹੋ ਜਾਉ, ਅਤੇ ਨਵੀਂ ਸ਼੍ਰਿਸਟੀ ਬਣ ਜਾਉ। ਪਵਿੱਤਰ ਆਤਮਾ ਤੁਹਾਨੂੰ ਕਾਇਲ ਕਰੇ ਅਤੇ ਤੁਹਾਨੂੰ ਬਰਕਤ ਦੇ ਇੱਕ ਮਾਤਰ ਸੋਮੇ ਵਿੱਚ ਲੈ ਕੇ ਚੱਲੇ। ਅਗੱਸਟ ਟੋਪਲੈਡੀ ਦਾ ਇਹ ਗੀਤ ਹਰ ਇੱਕ ਪਾਪੀ ਦੀ ਪੁਕਾਰ ਹੈ ਜੋ ਕਿ ਆਤਮਾ ਦੇ ਦੁਆਰਾ ਨਵਾਂ ਕੀਤਾ ਗਿਆ ਹੈ:

ਜੁੱਗਾਂ ਦੀ ਚੱਟਾਨ, ਮੇਰੇ ਲਈ ਪਹਾੜ,
ਮੈਨੂੰ ਆਪਣੇ ਵਿੱਚ ਲੁਕਣ ਦੇਹ,
ਤੇਰੀ ਵੱਖੀ ਵਿੱਚੋਂ ਜੋ ਲਹੂ
ਅਤੇ ਪਾਣੀ ਵਹਿਆ,
ਉਹ ਪਾਪ ਦਾ ਇਲਾਜ਼ ਬਣਨ ਦੇਹ,
ਮੈਨੂੰ ਇਸਦੇ ਦੋਸ਼ ਅਤੇ ਤਾਕਤ ਤੋਂ ਸਾਫ ਕਰ ਦੇਹ।
ਮੇਰੇ ਹੱਥਾਂ ਦੇ ਕੰਮ ਨਹੀ,
ਜੋ ਤੇਰੇ ਕਨੂੰਨਾਂ ਨੂੰ ਪੂਰਾ ਕਰ ਸਕਦੇ,
ਕੀ ਮੇਰੀ ਅਣਖ ਸਦਾ ਬਣੀ ਰਹਿੰਦੀ,
ਕੀ ਮੇਰੇ ਹੰਝੂ ਸਦਾ ਵਹਿੰਦੇ ਰਹਿੰਦੇ,
ਇਹ ਸਭ ਮਿਲ ਕੇ ਪਾਪਾਂ ਦਾ ਪ੍ਰਾਸ਼ਚਿਤ ਨਹੀ ਕਰ ਸਕਦੇ।
ਤੂੰ ਹੀ ਬਚਾ ਸਕਦਾ ਅਤੇ ਸਿਰਫ ਤੂੰ ਹੀ,
ਮੈਂ ਆਪਣੇ ਹੱਥਾਂ ਵਿੱਚ ਕੁਝ ਨਹੀ ਲੈ ਕੇ ਆਇਆ,
ਸਿਰਫ ਤੇਰੀ ਸਲੀਬ ਨੂੰ ਮੈਂ ਚਿੰਬੜ ਜਾਂਦਾ,
ਨੰਗਾ ਮੈਂ ਤੇਰੇ ਕੋਲ ਪੁਸ਼ਾਕ ਲਈ ਆਉਂਦਾ,
ਅਸਮਰਥ ਤੇਰੀ ਕਿਰਪਾ ਲਈ ਤੇਰੇ ਕੋਲ ਲੱਭਦਾ,
ਮੈਂ ਗਲਤ, ਮੈਂ ਚਸ਼ਮੇ ਵੱਲ ਉੱਡਦਾ ਜਾਂਦਾ,
ਮੇਰੇ ਮੁਕਤੀਦਾਤਾ ਮੈਨੂੰ ਧੋ ਦੇਹ ਨਹੀਂ ਤਾਂ ਮੈਂ ਮਰ ਜਾਂਦਾ।

**Footnotes**

1 Thomas Boston, *The Complete Works of the Late Rev. Thomas Boston* (Wheaton, IL: Richard Owen Roberts, Publisher, 1980), 8:24.

2 E.J. Young, *Genesis 3: A devotional & expository study* (London: Banner of Truth Trust, 1966), 62.

3 E. J. Young, *In the Beginning: Genesis Chapter 1 to 3 and the Authority of Scripture* (Edinburgh: Banner of Truth Trust, 1976), 82. I am indebted to E. J. Young throughout this document for insights on this chapter of Genesis.

4 Young, *In the Beginning*, 82.

5 Young, *Genesis 3*, 55.

6 Herman Bavinck, *Reformed Dogmatics* (Grand Rapids, Mich.: Baker Academic, 2004

7 Bavinck, *Reformed Dogmatics*, 36.

8 Donald Macleod, *A Faith to Live By: Understanding Christian Doctrine* (Geanies House, Ross-shire: Christian Focus Publications, 2002), 111.

11 Reymond, *A New Systematic Theology*, 443.

12 Reymond, *A New Systematic Theology*, 443.

13 Macleod, *A Faith to Live By*, 108.

14 Young, *Genesis 3*, 37.

15 Bavinck, *Reformed Dogmatics*, 3:33.

16 J. Gresham Machen, *The Christian View of Man* (Edinburgh: Banner of Truth Trust, 1984), 166.

17 John Murray, *Collected Writings of John Murray* (Edinburgh: Banner of Truth Trust, 1977), 2:68-

18 Young, *Genesis 3*, 45.

19 Machen, *The Christian View of Man*, 166.

20 James Fisher, *The Assembly's Shorter Catechism Explained* (East Essex, UK: Berith Publications, 1998), 88.

21 Reymond, *A New Systematic Theology*, 445(footnote 38).

22 J.G. Vos, *Genesis* (Pittsburgh, PA.: Crown and Covenant Publications, 2006), 64.

23 Bavinck, *Reformed Dogmatics*, 198-199.

24 Young, *Genesis 3*, 76.

25 Young, *Genesis 3*, 64.

26 Young, *Genesis 3*, 156.

27 Bavinck, *Reformed Dogmatics*, 199-200.

28 I am indebted to Robert Reymond, *A New Systematic Theology*, 446-449 and John Murray, *Collected Writings of John Murray*, 2:70-72.

29 Reymond, *A New Systematic Theology*, 447.

30 Bavinck, *Reformed Dogmatics*, 185-186.

31 Young, *In the Beginning*, 106.

**Dr. Kuldip Singh Gangar** received his undergraduate education in England and taught Religious Studies at Beauchamp College. He received advanced degrees in ministry from Westminster Theological Seminary (M. Div.; Th. M; D. Min.) and Master of Theology in New Testament from Princeton Seminary. He served as pastor in Canada and the US for 21 years before being called as Missionary to produce Biblical literature for EastIndians in various Indian languages.

**In this series from True Path to God:**

1. What is God?
2. What is God Like?
3. Creation and Man's Place in the World
4. The Greatest Opportunity: The Covenant of Works
5. The Great Catastrophe: The Fall
6. Jesus the Only Savior of Mankind
7. Jesus is God
8. Saved by Grace Alone

ISBN 978-1-927769-05-8

9 781927 769058 >

www.truepathtogod.org